ੴ ਸਤਿਗੁਰ ਪ੍ਰਸਾਦਿ ॥

ਪੂਜਾ ਅਕਾਲ ਕੀ, ਪਰਚਾ ਸ਼ਬਦ ਦਾ, ਦੀਦਾਰ ਖ਼ਾਲਸੇ ਦਾ ਅਤੇ ਸਿੱਖ ਭਲਾ ਸਰਬੱਤ ਦਾ ਲੋਚੇ

# ਵਿਸ਼ਵ ਸਿੱਖ ਬੁਲੇਟਿਨ

*Vishav Sikh Bulletin*

**ਅਗਸਤ 2004** **ਭਾਦੋਂ 536 ਨਾਨਕਸ਼ਾਹੀ** **ਚੰਡੀਗੜ੍ਹ** **ਸਾਲ-1 ਅੰਕ-8**

**ਇਸ ਅੰਕ ਵਿੱਚ**


1. ਸੰਪਾਦਕ ਦੀ ਕਲਮ ਤੋਂ ............................................. 1
2. ਗੁਰਦੁਆਰਾ ਚੋਣਾਂ ਵਿੱਚ ਧਰਮ ਕੋਹਾਂ ਦੂਰ .......... ਕਿਰਪਾਲ ਸਿੰਘ 4
3. ਮਾਡਰਨ ਮਹੰਤਾਂ ਨੂੰ ਗੁਰਦੁਆਰਿਆਂ ’ਚੋਂ ਕਿਵੇਂ ਕੱਢਿਆ ਜਾਵੇ ? .......... ਮਹਿੰਦਰ ਸਿੰਘ ਚਚਰਾੜ੍ਹੀ 6
4. ਬਾਰਸੀਲੋਨਾ ਵਿੱਚ ਗੁਰੂ ਗ੍ਰੰਥ ਸਾਹਿਬ ਦਾ 400 ਸਾਲਾ ਸਮਾਗਮ ......... ਡਾ. ਭਾਈ ਹਰਬੰਸ ਲਾਲ 8
5. ਸੇਵਾ ਤੇ ਪਵਿੱਤਰਤਾ ਦਾ ਘਾਣ .............. ਪ੍ਰੋ: ਇੰਦਰ ਸਿੰਘ ਘੱਗਾ 11
6. ਦਸਮ ਗ੍ਰੰਥ ਫੀਚਰ : ... ਸੰਪਾਦਕ ਸਿੱਖ ਵਿਰਸਾ, ਇੰਜ: ਜਗਤਾਰ ਸਿੰਘ, ਗਿ: ਸੁਰਜੀਤ ਸਿੰਘ 14
7. ਜਾਤ ਪਾਤ ਤੇ ਸਿੱਖ ...................... ਸਰਦਾਰ ਜਗਜੀਤ ਸਿੰਘ 25
8. ਸਮਕਾਲੀ ਸੰਦਰਭ ............................................... 29
10. ਕਿਛੁ ਸੁਣੀਐ ਕਿਛੁ ਕਹੀਐ ................................................. 31
11. ਸਫ਼ਰ ........................................... ਸੁਖਚੈਨ ਸਿੰਘ 32


**ਸੰਪਾਦਕ:**
ਗੁਰਤੇਜ ਸਿੰਘ
**ਸੰਪਾਦਕੀ ਸਲਾਹਕਾਰ:**
ਹਰਦੇਵ ਸਿੰਘ ਸ਼ੇਰਗਿੱਲ,
ਗੁਰਪਾਲ ਸਿੰਘ ਖਹਿਰਾ,
ਹਰਸ਼ਿੰਦਰ ਸਿੰਘ
**ਸਹਿਯੋਗੀ (ਪ੍ਰੋਡਕਸ਼ਨ):**
ਗੁਰਚਰਨ ਸਿੰਘ, ਪ੍ਰਮਿੰਦਰ ਜੀਤ ਸਿੰਘ

**ਮੁੱਲ -5 ਰੁਪਏ; ਸਾਲਾਨਾ ਚੰਦਾ 60 ਰੁਪਏ**
**ਚੰਦਾ ਕੇਵਲ ਮਨੀ ਆਰਡਰ ਜਾਂ ਬੈਂਕ ਡਰਾਫਟ ਰਾਹੀਂ ‘Vishav Sikh Bulletin’ ਦੇ ਨਾਂ ’ਤੇ ਹੀ ਭੇਜਿਆ ਜਾਵੇ ਜੋ ਕਿ ਚੰਡੀਗੜ੍ਹ ਵਿਖੇ ਅਦਾਇਗੀ ਯੋਗ ਹੋਵੇ।**

ਸੰਪਰਕ, ਟਿੱਪਣੀਆਂ ਅਤੇ ਸੁਝਾਅ ਲਈ ਪਤਾ:
742, ਸੈਕਟਰ 8-ਬੀ, ਚੰਡੀਗੜ੍ਹ – 160 009.
ਫੋਨ: *0172-3091414*
**E-Mail:** vsbpb@yahoo.co.in
**Also available at Website:www.sikhbulletin.com**

ਬੁਲੇਟਿਨ ਵਿੱਚ ਛਪੇ ਵਿਚਾਰ ਸਬੰਧਤ ਲੇਖਕਾਂ ਦੇ ਆਪਣੇ ਹਨ। ਸੰਪਾਦਕ ਦਾ ਇਹਨਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।

## ਸੰਪਾਦਕ ਦੀ ਕਲਮ ਤੋਂ

## ਪਹਿਲਾ ਪਾਣੀ ਜੀਉ ਹੈ ਜਿਤੁ ਹਰਿਆ ਸਭੁ ਕੋਇ

ਆਲਮੀ ਧਰਮਾਂ ਦੀ ਪਾਰਲਾਮੈਂਟ ਬਾਰਸੀਲੋਨਾ (ਸਪੇਨ) ਵਿੱਚ 13 ਜੁਲਾਈ ਨੂੰ ਖ਼ਤਮ ਹੋਈ ਸੀ। ਓਥੇ ਸੁਬਹ ਦੇ ਚਾਰ ਵੱਜੇ ਸਨ ਅਤੇ ਮੈਂ ਅਜੇ ਸੁੱਤਾ ਉੱਠ ਕੇ ਬੈਠਾ ਹੀ ਸੀ ਕਿ ਟੈਲੀਫੋਨ ਦੀ ਘੰਟੀ ਵੱਜੀ। ਚੰਡੀਗੜ੍ਹ ਤੋਂ ਮੇਰੀ ਬੇਟੀ ਨੇ ਸੁਨੇਹਾ ਦਿੱਤਾ ਕਿ ਪੰਜਾਬ ਅਸੰਬਲੀ ਨੇ ਕਾਨੂੰਨ ਬਣਾ ਕੇ ਸਾਰੇ ਦਰਿਆਈ ਪਾਣੀ ਸਮਝੌਤੇ ਰੱਦ ਕਰ ਦਿੱਤੇ ਹਨ। ਮੈਂ ਜਾਣਿਆ ਕਿ ਮੈਂ ਆਪਣੀ ਪੂਰੀ ਜ਼ਿੰਦਗੀ ਦੀ ਸਭ ਤੋਂ ਵਧੀਆ ਖ਼ਬਰ ਸੁਣ ਲਈ ਹੈ। ਸਾਰਾ ਦਿਨ ਪੈਰ ਧਰਤੀ ਉੱਤੇ ਨਾ ਲੱਗੇ ਅਤੇ ਹਰ ਪਲ਼ ਮਨੋ-ਮਨੀ ਮੈਂ ਅਮਰਿੰਦਰ ਸਿੰਘ ਨੂੰ ਲੱਖ-ਲੱਖ ਸ਼ੁਭ ਕਾਮਨਾਵਾਂ ਭੇਟ ਕੀਤੀਆਂ। ਉਮੀਦ ਬੱਝੀ ਕਿ ਹੁਣ ਪੰਜਾਬ ਦੇ ਜਾਇਆਂ ਨੂੰ ਵਿਦੇਸ਼ਾਂ ਵਿੱਚ ਮਜ਼ਦੂਰੀ ਕਰਨ ਨਹੀਂ ਜਾਣਾ ਪਵੇਗਾ ਅਤੇ ਨਾਂ ਮੋਰਚਿਆਂ ਦੀ ਲੋੜ ਰਹੇਗੀ; ਨਾ ਕਿਸੇ ਨੂੰ ‘ਅਤਿਵਾਦ’ ਦੇ ਬਹਾਨੇ ਪੰਜਾਬ ਦਾ ਘਾਣ ਕਰਨ ਦਾ ਮੌਕਾ ਮਿਲੇਗਾ!

ਨਾਲੋ-ਨਾਲ ਲੱਖ-ਲੱਖ ਅਰਦਾਸਾਂ ਕੀਤੀਆਂ ਕਿ ਖ਼ਬਰ ਇੰਨ-ਬਿੰਨ ਸੱਚੀ ਹੋਵੇ। ਜਦੋਂ ਕਿ ਪੰਜਾਬ ਦਾ ਪਾਣੀ ਲੁੱਟ ਕੇ ਸਿੱਖਾਂ ਨੂੰ ਬੰਜਰ ਭੂਮੀ ਦੇ ਘਸਿਆਰੇ ਬਣਾਉਣ ਲਈ ‘ਸਾਰੀ ਨੰਦਣ ਝੁਕ ਗਈ’, ਉਦੋਂ ਕੁਈ ਏਨਾਂ ਵਧੀਆ ਕਦਮ ਚੁੱਕ ਸਕੇ, ਮੇਰੇ ਤਜਰਬੇ ਅਤੇ ਤਸੱਵਰ ਤੋਂ ਬਾਹਰ ਸੀ। ਪ੍ਰਕਾਸ਼ ਸਿੰਘ ਨੂੰ ਮੁੱਖ-ਮੰਤਰੀ ਬਣਨ ਵੇਲੇ ਸੁਝਾਅ ਦਿੱਤਾ ਗਿਆ ਸੀ ਕਿ ਉਹ ਅਸੰਬਲੀ ਦੇ ਪਹਿਲੇ ਸੱਤ ਦਿਨ ਕੇਵਲ ਪੰਜਾਬ ਦੇ ਪਾਣੀਆਂ ਬਾਰੇ ਬਹਿਸ ਕਰਾਵੇ ਅਤੇ ਟੈਲੀਵਿਜ਼ਨ ਰਾਹੀਂ ਪ੍ਰਸਾਰਿਤ ਕਰੇ ਤਾਂ ਕਿ ਲੋਕ ਜਾਣ ਲੈਣ ਕਿ ਕਿੰਨਾਂ ਧੱਕਾ ਹੋ ਰਿਹਾ ਹੈ; ਨਾਲ ਲੋਕਾਂ ਨੂੰ ਅਪੀਲ ਕਰੇ ਕਿ ਉਹ ਗ੍ਰਾਮ ਸਭਾਵਾਂ ਕਰ ਕੇ ਰੋਜ਼ ਅਸੰਬਲੀ ਕਾਰਵਾਈ ਨੂੰ ਘੋਖਣ। ਇਸ ਨਾਲ ਉਮੀਦ ਬੱਝਦੀ ਸੀ ਕਿ ਇਤਿਹਾਸ ਦੇ

ਵਹਿਣਾਂ ਨੂੰ ਮੋੜ ਦੇਣ ਵਾਲਾ ਸੁੱਤਾ ਸ਼ੇਰ ਆਪਣੀ ਹੋਣੀ ਨੂੰ ਸੰਵਾਰਨ ਲਈ, ਆਪਣੇ ਬੱਚਿਆਂ ਦਾ ਭਵਿੱਖ ਸੁਰੱਖਿਅਤ ਕਰਨ ਲਈ ਕੁਈ ਹੰਭਲਾ ਮਾਰੇਗਾ। ਪਰ ਉਹ ਏਨਾਂ ਵੀ ਨਹੀਂ ਸੀ ਕਰ ਸਕਿਆ। ਪੰਜਾਬ ਦੇ ਪਾਣੀ ਦੇ ਮਸਲੇ ਦਾ ਸੰਵਿਧਾਨਕ ਹੱਲ ਕਰਵਾਉਣ ਦੇ ਰਾਹ ਵਿੱਚ ਸਭ ਤੋਂ ਵੱਡਾ ਅੜਿੱਕਾ ਹੈ ਪੰਜਾਬ ਪ੍ਰਤਿ ਸੁਹਿਰਦ ਧਿਰ, ਸਿੱਖਾਂ, ਦਾ ਪਾਣੀ ਦੀ ਅਹਿਮੀਅਤ ਅਤੇ ਏਸ ਸਬੰਧੀ ਭਾਰਤੀ-ਸੰਵਿਧਾਨ-ਗਿਆਨ ਤੋਂ ਬਿਲਕੁਲ ਕੋਰੇ ਹੋਣਾ। ਆਪਣੇ ਹੱਕਾਂ ਤੋਂ ਬੇਖ਼ਬਰ ਲੋਕਾਂ ਨੂੰ ਕੁਈ ਕਿਉਂ ਨਾ ਰੱਜ ਕੇ ਲੁੱਟੇ ?

ਪੰਜਾਬ ਦੇ ਦਰਿਆਈ ਪਾਣੀ ਦੀ ਲੁੱਟ ਨੂੰ ਸੰਭਵ ਕਰਦਾ ਦੂਜਾ ਵੱਡਾ ਕਾਰਣ ਹੈ 'ਨੰਦਣ ਦਾ ਝੁਕਣਾ'। 12 ਜੁਲਾਈ ਤੋਂ ਬਾਅਦ ਦੇ ਸਾਰੇ ਅਖ਼ਬਾਰ ਇਕੱਠੇ ਕਰ ਕੇ ਪੜ੍ਹੋ ਤਾਂ ਪਤਾ ਲੱਗੇਗਾ ਕਿ ਅਮਰਿੰਦਰ ਸਿੰਘ ਨੂੰ ਦੇਸ਼-ਧ੍ਰੋਹੀ ਆਦਿ ਦੇ ਖਿਤਾਬ ਦੇ ਕੇ ਕਿਵੇਂ ਜਣਾ-ਖਣਾ ਪਾਣੀ ਦੀ ਲੁੱਟ ਰੋਕਣ ਦੀ ਚੇਸ਼ਟਾ ਕਰਨ ਬਦਲੇ (ਸਾਡਾ ਹੀ) ਪਾਣੀ ਪੀ-ਪੀ ਕੇ ਕਿਵੇਂ ਕੋਸ ਰਿਹਾ ਹੈ। ਖਾਸ ਪੰਜਾਬ ਦੇ ਇੱਕ ਸਿੱਖ ਪਿਛੋਕੜ ਵਾਲੇ ਅਖ਼ਬਾਰ ਨੇ ਤਾਂ ਇੱਕ ਵੱਡੀ ਮੁਹਿੰਮ ਏਸ ਰੋਕ ਨੂੰ ਭੰਡਣ ਲਈ ਅਰੰਭੀ ਹੋਈ ਹੈ ? ਸ੍ਰੀਨਗਰ ਤੋਂ ਲੈ ਕੇ ਕੰਨਿਆਕੁਮਾਰੀ ਤੱਕ ਕੁਈ ਨਹੀਂ ਬਚਿਆ ਜਿਸ ਨੇ ਪੰਜਾਬ ਨੂੰ ਪਾਣੀ ਦੇ ਮਸਲੇ ਉੱਤੇ ਭੰਡਿਆ ਨਾ ਹੋਵੇ।

ਅਸਲ ਮਸਲੇ ਨੂੰ ਸਮਝਣ ਲਈ ਅੱਧੀ ਦਰਜਨ ਘਟਨਾਵਾਂ ਦਾ ਜ਼ਿਕਰ ਜ਼ਰੂਰੀ ਹੈ ਜਿਨ੍ਹਾਂ ਵਿੱਚੋਂ ਅਸੀਂ ਏਥੇ ਸਿਰਫ਼ ਦੋ ਨੂੰ ਹੀ ਵਿਚਾਰਾਂਗੇ। **ਭਾਰਤ ਦੇ ਸੰਵਿਧਾਨ ਤਹਿਤ ਦੋ ਰਾਜਾਂ ਵਿੱਚ ਕੁਈ ਵੀ ਕਾਨੂੰਨੀ ਤੌਰ ਉੱਤੇ ਜਾਇਜ਼ ਸਮਝੌਤਾ ਸੰਵਿਧਾਨ ਦੀ ਮੱਦ 299 ਅਧੀਨ ਹੀ ਹੋ ਸਕਦਾ ਹੈ ਜਿਸ ਉੱਤੇ ਅਖ਼ੀਰ ਵਿੱਚ ਦੋਨਾਂ ਮੁੱਖ-ਮੰਤਰੀਆਂ ਤੋਂ ਇਲਾਵਾ ਦੋਨਾਂ ਪ੍ਰਦੇਸਾਂ ਦੇ ਰਾਜਪਾਲਾਂ ਦੇ ਦਸਤਖ਼ਤ ਹੋਣੇ ਜ਼ਰੂਰੀ ਹਨ। ਪਰ 29 ਜਨਵਰੀ 1955 ਨੂੰ ਪੰਜਾਬ ਦੇ ਪਾਣੀ ਨੂੰ ਕੇਵਲ ਦੋ ਕਲਰਕਾਂ (ਉਪ-ਸਕੱਤਰਾਂ) ਦੀ ਸਹੀ ਪਵਾ ਕੇ ਗੁਲਜ਼ਾਰੀ ਲਾਲ ਨੰਦੇ ਨੇ ਲੁੱਟ ਲਿਆ। ਨੌਰਥ ਬਲੌਕ ਦੇ 12 ਨੰਬਰ ਕਮਰੇ ਵਿੱਚ ਬੈਠ ਕੇ ਉਹਨਾਂ ਰਾਵੀ-ਬਿਆਸ ਦਾ 80 ਲੱਖ ਏਕੜ ਫੁੱਟ (8MAF) ਪਾਣੀ ਰਾਜਸਥਾਨ ਨੂੰ ਦੇ ਦਿੱਤਾ। ਕੰਵਰ ਸੈਨ (ਜੋ ਬਾਅਦ ਵਿੱਚ ਚੀਫ਼ ਇੰਜੀਨੀਅਰ ਬਣਿਆ) ਨੇ ਇਹ ਕਾਰਵਾਈ ਲਿਖੀ। ਓਸ ਨੇ ਵਿੱਚੇ ਇਹ ਲਿਖ ਦਿੱਤਾ ਕਿ 'ਪੰਜਾਬ ਇਹ ਪਾਣੀ ਆਪਣੀਆਂ ਲੋੜਾਂ ਪੂਰੀਆਂ ਕਰਨ ਤੋਂ ਬਾਅਦ ਦੇਵੇਗਾ' ਅਤੇ 'ਸਮੇਂ-ਸਮੇਂ ਏਸ ਪ੍ਰਬੰਧ ਉੱਤੇ ਨਜ਼ਰਸਾਨੀ ਹੁੰਦੀ ਰਹੇਗੀ।' ''ਜਿਸ ਡਾਚੀ ਮੇਰਾ ਪੁੰਨੂੰ ਖੜਿਆ ਸ਼ਾਲਾ ਦੋਜ਼ਖ ਵਿੱਚ ਜਾਵੇ'' ਦੇ ਸੂਫ਼ੀ ਫੁਰਮਾਨ ਅਨੁਸਾਰ ਐਸ ਵੇਲੇ ਦੋਜ਼ਖ ਦੀ ਅੱਗ ਵਿੱਚ ਸੜ ਰਹੇ ਗੁਲਜ਼ਾਰੀ ਲਾਲ ਨੰਦੇ ਨੇ ਏਸ ਕਾਗਜ਼ ਨੂੰ ਗੁਪਤ ਰੱਖਿਆ। ਵਾਰਸ ਸਿਰਹਾਣੇ ਬਾਂਹ ਦੇ ਕੇ ਸੁੱਤੇ ਰਹੇ। ਨਹਿਰਾਂ ਨਿਕਲੀਆਂ, ਵੱਡੇ ਅਡੰਬਰ ਹੋਏ ਪਰ ਕੁਈ ਨਾ ਜਾਗਿਆ। ਏਸ ਗਿੱਦੜ-ਚਿੱਠੀ ਦੇ ਆਧਾਰ ਉੱਤੇ ਰਾਵੀ-ਬਿਆਸ ਦਾ ਅੱਧੋਂ ਵੱਧ ਪਾਣੀ ਬੇ-ਗਾਨਾ ਹੋ ਗਿਆ। ਪੰਜਾਬ ਨੂੰ ਬੰਜਰ ਕਰਨ ਵੱਲ ਇਹ ਪਹਿਲਾ ਕਦਮ ਸੀ। ਇਹ ਗਿੱਦੜ-ਚਿੱਠੀ ਜਾ ਕੇ ਕਿਤੇ ਤੀਹ ਸਾਲ ਬਾਅਦ ਪ੍ਰਗਟ ਹੋਈ ਤੇ ਅੱਜ ਏਸ ਦਾ ਜ਼ਿਕਰ ਚੱਲ ਰਹੇ 'ਜੰਗ ਹਿੰਦ ਪੰਜਾਬ' ਦੇ ਸਬੰਧ ਵਿੱਚ ਹੋ ਰਿਹਾ ਹੈ। ਇਹ ਪ੍ਰਗਟ ਕਰਦੀ ਹੈ ਕਿ ਪੰਜਾਬੀਆਂ ਨੂੰ ਘਸਿਆਰੇ ਬਣਾਉਣ ਵਾਲੀ ਇਹ ਮਾਨਸਿਕਤਾ ਦਾ ਜਨਮ ਵੀ 'ਅਜ਼ਾਦੀ' ਦੇ ਨਾਲੋ-ਨਾਲ ਹੋਇਆ ਸੀ ਅਤੇ ਏਸ ਰਿਸ਼ਤੇ ਨਾਲ ਇਹ ਮਾਨਸਿਕਤਾ 'ਅਜ਼ਾਦੀ' ਦੀ ਜੌੜੀ ਭੈਣ ਬਣਦੀ ਹੈ।**

ਜਿਹੜੇ ਲੋਕ ਕਾਨੂੰਨ, ਸੰਵਿਧਾਨ, ਨਿਆਂਪਾਲਿਕਾ ਨੂੰ ਏਸ ਮਾਨਸਿਕਤਾ ਦਾ ਤੋੜ ਸਮਝਦੇ ਹਨ, ਜ਼ਰਾ (ਪੌਪੂਲਰ ਜੂਅਰਿਸਟ ਵਿੱਚੋਂ) ਹੇਠ ਲਿਖੇ ਉੱਤੇ ਸਰਸਰੀ ਨਜ਼ਰ ਮਾਰ ਲੈਣ:

ਪੰਜਾਬ ਦੇ ਕੁਝ ਲੋਕਾਂ ਨੇ ਸੰਵਿਧਾਨ ਦੀ ਧਾਰਾ 228 ਅਧੀਨ ਪਾਣੀ ਦੇ ਮਸਲੇ ਨੂੰ ਪੰਜਾਬ-ਹਰਿਆਣਾ ਹਾਈ ਕੋਰਟ ਵਿੱਚ ਜਨਵਰੀ 1982 ਨੂੰ ਦਾਖਲ ਕੀਤਾ। ਇਹਨਾਂ ਨੇ ਪੰਜਾਬ ਪੁਨਰਗਠਨ ਕਾਨੂੰਨ ਦੀ 78 ਧਾਰਾ, ਜਿਸ ਅਧੀਨ ਪੰਜਾਬ ਦਾ ਪਾਣੀ ਗੈਰਾਂ ਨੂੰ ਦਿੱਤਾ ਜਾ ਰਿਹਾ ਸੀ, ਨੂੰ ਸੰਵਿਧਾਨ-ਵਿਰੋਧੀ ਕਰਾਰ ਦੇਣ ਲਈ ਬੇਨਤੀ ਕੀਤੀ। ਏਸੇ ਮਨਸ਼ਾ ਨਾਲ ਚਾਰ ਹੋਰ ਅਰਜ਼ੀਆਂ ਏਸੇ ਅਦਾਲਤ ਵਿੱਚ ਦਿੱਤੀਆਂ ਗਈਆਂ। ਇਹ ਪੰਜੇ ਅਰਜ਼ੀਆਂ ਦੋ ਸਾਲ ਦਰ-ਦਰ ਰੁਲਦੀਆਂ ਰਹੀਆਂ। ਜਿਸ ਵੀ ਜੱਜ ਕੋਲ ਇਹ ਅਰਜ਼ੀਆਂ ਜਾਣ ਓਹ ਆਪਣੇ ਮੋਢਿਆਂ ਨੂੰ ਇਹ ਭਾਰ ਚੁੱਕਣ ਲਈ ਕਮਜ਼ੋਰ ਜਾਣ ਕੇ ਅਗਾਂਹ ਧੱਕ ਦੇਵੇ। ਆਖ਼ਰ 1-11-1983 ਨੂੰ ਚੀਫ਼ ਜਸਟਿਸ ਸੰਧਾਵਾਲੀਆ ਨੇ ਇਹਨਾਂ ਨੂੰ ਦਾਖਲ ਕਰ ਲਿਆ ਅਤੇ 15-11-1983 ਨੂੰ ਮੁਕੰਮਲ ਬੈਂਚ ਸਾਹਮਣੇ ਸੁਣਵਾਈ ਲਈ ਤਾਰੀਖ ਪਾ ਦਿੱਤੀ।

ਪ੍ਰਤਿਕਰਮ ਵਜੋਂ ਤਿੰਨ ਅਰਜ਼ੀਆਂ ਦੂਸਰੇ ਪ੍ਰਦੇਸਾਂ ਵੱਲੋਂ ਸੁਪਰੀਮ ਕੋਰਟ ਵਿੱਚ ਪਾਈਆਂ ਗਈਆਂ ਜਿਨ੍ਹਾਂ ਵਿੱਚ ਹਾਈ ਕੋਰਟ ਦੀ ਕਾਰਵਾਈ ਨੂੰ ਰੋਕਣ ਦੀ ਬੇਨਤੀ ਕੀਤੀ ਗਈ। ਇਹ ਤਿੰਨੋਂ ਰੱਦ ਹੋ ਗਈਆਂ।

ਏਸੇ ਸਮੇਂ ਦੌਰਾਨ ਪੰਜਾਬ ਹਾਈ ਕੋਰਟ ਨੇ ਸੁਣਵਾਈ ਕਰਨ ਲਈ ਫੁੱਲ ਬੈਂਚ ਬਣਾ ਦਿੱਤਾ ਜੋ ਕਿ ਚੀਫ਼ ਜਸਟਿਸ ਸੰਧਾਵਾਲੀਆ, ਜੱਜ ਮਿੱਤਲ ਅਤੇ ਜੱਜ ਸੋਢੀ ਉੱਤੇ ਅਧਾਰਤ ਸੀ। 14-11-1983 ਨੂੰ ਹਿੰਦ ਦੇ ਅਟੌਰਨੀ ਜਨਰਲ ਨੇ ਚੀਫ਼ ਜਸਟਿਸ ਸੁਪਰੀਮ ਕੋਰਟ ਨੂੰ ਬੇਨਤੀ ਕੀਤੀ ਕਿ 15-11-1983 ਨੂੰ ਹੋਣ ਵਾਲੀ ਹਾਈ ਕੋਰਟ ਦੀ ਸੁਣਵਾਈ ਰੋਕੀ ਜਾਵੇ। ਏਸ ਜ਼ੁਬਾਨੀ ਅਰਜ਼ੀ ਉੱਤੇ ਕਾਰਵਾਈ ਰੋਕ ਦਿੱਤੀ ਗਈ। ਓਸੇ 14-11-1983 ਨੂੰ ਕੇਂਦਰੀ ਸਰਕਾਰ ਨੇ ਮੁੱਖ ਜੱਜ ਸੰਧਾਵਾਲੀਆ ਦੀ ਪੰਜਾਬ ਵਿੱਚੋਂ ਬਦਲੀ ਕਰਵਾ ਕੇ ਪਟਨੇ ਹਾਈ ਕੋਰਟ ਵਿੱਚ ਭੇਜ ਦਿੱਤਾ। 15-11-1983 ਦੀ ਸੁਣਵਾਈ ਸੰਭਵ ਨਾ ਰਹੀ।

18-11-1983 ਨੂੰ ਸੁਪਰੀਮ ਕੋਰਟ ਨੇ ਸੰਵਿਧਾਨ ਦੀ ਧਾਰਾ 139 A ਅਧੀਨ ਹਾਈ ਕੋਰਟ ਵਿੱਚ ਮੌਜੂਦ ਪੰਜੇ ਅਰਜ਼ੀਆਂ ਨੂੰ ਆਪਣੇ ਕੋਲ ਤਲਬ ਕਰ ਲਿਆ। ਧਾਰਾ 139 A ਅਨੁਸਾਰ ਕੇਵਲ ਤਾਂ ਹੀ ਕੁਈ ਮੁਕੱਦਮਾ ਸੁਪਰੀਮ ਕੋਰਟ ਆਪਣੇ ਕੋਲ ਤਲਬ ਕਰ ਸਕਦਾ ਹੈ ਜੇ ਦੋ ਸੂਬਿਆਂ ਦੀ ਅਦਾਲਤਾਂ ਵਿੱਚ ਮੁਆਮਲਾ ਦਾਖ਼ਲ ਹੋਵੇ ਜਾਂ ਓਦੋਂ ਜਦੋਂ ਕਿ ਇਹ ਹਾਈ ਕੋਰਟ ਅਤੇ ਸੁਪਰੀਮ ਕੋਰਟ ਦੋਹਾਂ ਵਿੱਚ ਦਾਖ਼ਲ ਹੋਵੇ। ਏਸ ਮੱਦ ਨੂੰ ਦੋ ਆਪਸ-ਵਿਰੋਧੀ ਫ਼ੈਸਲੇ ਆਉਣ ਤੋਂ ਰੋਕਣ ਲਈ ਰੱਖਿਆ ਗਿਆ ਹੈ। ਲੇਕਿਨ ਇਹ ਪੰਜ ਅਰਜ਼ੀਆਂ ਕੇਵਲ ਇੱਕ ਹਾਈ ਕੋਰਟ ਵਿੱਚ ਸਨ ਅਤੇ ਸੁਪਰੀਮ ਕੋਰਟ ਨੂੰ ਕੁਈ ਕਾਨੂੰਨੀ ਅਧਿਕਾਰ ਇਹਨਾਂ ਨੂੰ ਆਪਣੇ ਕੋਲ ਤਲਬ ਕਰਨ ਦਾ ਨਹੀਂ ਸੀ। ਹੁਣ ਲੇਖਕ ਨੂੰ ਸਮਝ ਨਹੀਂ ਆ ਰਿਹਾ ਕਿ ਉਹ ਕਿਹੜਾ ਫਿਕਰਾ ਵਰਤ ਕੇ ਏਸ ਕਾਰਵਾਈ ਦਾ ਖੁਲਾਸਾ ਕਰੇ: 'ਸਈਆਂ ਭਏ ਕੋਤਵਾਲ ਅਬ ਡਰ ਕਾਹੇ ਕਾ' ਜਾਂ 'ਚੋਰਾਂ ਦੇ ਕੱਪੜੇ ਡਾਂਗਾਂ ਦੇ ਗਜ਼' ਜਾਂ 'ਜਿਸ ਕੀ ਲਾਠੀ ਉਸ ਕੀ ਭੈਂਸ' ਜਾਂ 'ਸਕਤਿਆਂ ਦਾ ਸੱਤੀਂ ਵੀਹੀਂ ਸੌ' ਜਾਂ..... ਜਾਂ ਫੇਰ ਕੀ ਉਹ ਅਫ਼ਲਾਤੂਨ ਦੇ ਸਮਕਾਲੀ ਯੂਨਾਨੀ ਫ਼ਿਲਾਸਫ਼ਰ ਦਾ ਇਹ ਫਿਕਰਾ ਵਰਤੇ ਕਿ 'ਨਿਆਂ ਤਾਂ ਕੇਵਲ ਸਕਤਿਆਂ ਦੀ ਇੱਛਾ ਦਾ ਹੀ ਨਾਂਅ ਹੈ'। ਸੁਯੋਗ ਪਾਠਕ ਆਪਣੇ-ਆਪ ਇਨ੍ਹਾਂ ਵਿੱਚੋਂ ਇੱਕ-ਦੋ ਫਿਕਰਿਆਂ ਦੀ ਸਹਾਇਤਾ ਨਾਲ ਸਥਿਤੀ ਦੀ ਡੂੰਘਾਈ ਤੱਕ ਪਹੁੰਚ ਜਾਣ।

ਸੁਪਰੀਮ ਕੋਰਟ ਵੱਲੋਂ ਨਿਰਧਾਰਤ ਨਿਯਮ ਹਨ ਕਿ ਕਿਸੇ ਵੀ ਮੁਕੱਦਮੇ ਨੂੰ ਦੂਸਰੀ ਅਦਾਲਤ ਵਿੱਚ ਤਬਦੀਲ ਕਰਨ ਲਈ ਅਰਜ਼ੀ ਦੇਣ ਵਾਲੇ ਨੂੰ ਇੱਕ ਮਹੀਨੇ ਦਾ ਨੋਟਿਸ ਦੇਣਾ ਬਣਦਾ ਹੈ। ਚਾਰ ਅਰਜ਼ੀ-ਕਰਤਾਵਾਂ ਨੂੰ ਇਹ ਨੋਟਿਸ ਦੇਣ ਦੀ ਵੀ ਲੋੜ ਨਹੀਂ ਸਮਝੀ ਗਈ। ਏਸ ਸਥਿਤੀ ਨੂੰ ਪ੍ਰਗਟ ਕਰਨ ਲਈ ਮੇਰੇ ਕੋਲ ਫਿਕਰੇ ਮੁੱਕ ਗਏ ਹਨ। ਜੇ ਪਾਠਕ ਚਾਹੁੰਣ ਤਾਂ 'ਅੰਧੇਰ ਨਗਰੀ ਚੌਪਟ ਰਾਜਾ, ਟਕੇ ਸੇਰ ਭਾਜੀ ਟਕੇ ਸੇਰ ਖਾਜਾ' ਵਰਤ ਲੈਣ।

ਪਾਠਕ ਧਿਆਨ ਨਾਲ ਕੰਨ ਦੇ ਕੇ ਸੁਣਨ, 'ਅਜ਼ਾਦੀ' ਦੀ ਜੌੜੀ ਭੈਣ ਮੋਹਣੀ ਅੰਮ੍ਰਿਤ ਜਲ ਦਾ ਘੜਾ ਢਾਕ ਉੱਤੇ ਰੱਖ ਕੇ ਬੜੇ ਨਖਰੇ ਨਾਲ ਅੱਖਾਂ ਮਟਕਾਉਂਦੀ ਹੋਈ ਬਗਲ ਵਿੱਚ ਸੁਦਰਸ਼ਨ ਚੱਕਰ ਲੁਕਾ ਕੇ ਮੁਸਕੜੀਏਂ ਹੱਸ ਰਹੀ ਹੈ। ਅਮਰਿੰਦਰ ਸਿੰਘ ਏਸ ਨਾਜੋ ਦੇ ਨਖਰਿਆਂ ਤੋਂ ਪ੍ਰਭਾਵਤ ਹੋ ਕੇ ਆਖਣ ਲੱਗ ਪਿਆ ਹੈ ਕਿ ਰਾਜਸਥਾਨ, ਹਰਿਆਣਾ ਨੇ ਜਿੰਨਾਂ ਪਾਣੀ ਖੋਹ ਲਿਆ ਓਸ ਬਾਰੇ ਕਿੰਤੂ ਨਹੀ ਕਰਾਂਗੇ — ਜਿਸ ਦਾ ਅਰਥ ਹੈ 'ਪਰਨਾਲਾ ਓਥੇ ਦਾ ਓਥੇ'।

ਐਸ ਵੇਲੇ ਵੀ ਨਾ ਜਾਗ ਸਕਣ ਦੀ ਕੀਮਤ 84-85 ਦੇ ਦੌਰ ਵਾਂਗ ਫੇਰ ਖ਼ੂਨ ਨਾਲ ਤਾਰਨੀ ਪੈ ਸਕਦੀ ਹੈ। ਟੱਕਰ ਓਸ ਅਕ੍ਰਿਤਘਣ ਧਰਤੀ ਨਾਲ ਹੈ ਜੋ ਸਦਾ ਆਪਣਿਆਂ ਦਾ ਘਾਣ ਕਰਦੀ ਆਈ ਹੈ। ਪੜ੍ਹੋ **'ਨਜਾਬਤ ਦੀ ਵਾਰ'**: "ਦਿੱਲੀ ਹੈਂਸਿਆਰੀਏ ਤੈਂ ਰੱਤ ਧੜੀ ਲਵਾਈ। ਤੂੰ ਮਾਸ ਕੋਹੇਂ ਇਉਂ ਪੁੱਤਰਾਂ ਜਿਉਂ ਬਕਰ ਕਸਾਈ"।

ਪੰਜਾਬੀਆਂ ਨੂੰ ਜਾਣ ਲੈਣਾ ਚਾਹੀਦਾ ਹੈ ਕਿ ਕੁਈ ਸੰਵਿਧਾਨ, ਕੁਈ ਕਾਨੂੰਨ, ਕੁਈ ਅਦਾਲਤ, ਕਿਸੇ ਕਿਸਮ ਦੀ ਸਿਆਸਤ ਪੰਜਾਬ ਦੇ ਪਾਣੀ ਨੂੰ ਅੱਜ ਪੰਜਾਬ ਤੋਂ ਬਾਹਰ ਜਾਣ ਤੋਂ ਰੋਕਣ ਦੇ ਸਮਰੱਥ ਨਹੀਂ। ਪਾਣੀ ਨੂੰ ਕੇਵਲ ਅਤੇ ਕੇਵਲ ਉਹਨਾਂ ਦਾ ਆਪਣਾ ਗੱਠਜੋੜ ਅਤੇ ਗੁਰੂ ਕੀ ਓਟ ਹੀ ਪੰਜਾਬ ਵਿੱਚ ਰੱਖ ਸਕਦੀ ਹੈ। ਹਰ ਪਹਿਲੂ ਵਾਂਗ ਗੁਰਬਾਣੀ ਦਾ ਸੱਚ ਏਸ ਮਸਲੇ ਨੂੰ ਨਜਿੱਠਣ ਲਈ ਵੀ ਨਿੱਗਰ ਸੇਧ ਦੇ ਰਿਹਾ ਹੈ:

**ਜਿਸੁ ਜਲ ਨਿਧਿ ਕਾਰਣਿ ਤੁਮ ਜਗਿ ਆਏ ਸੋ ਅੰਮ੍ਰਿਤੁ ਗੁਰ ਪਾਹੀ ਜੀਉ ॥**
**ਛੋਡਹੁ ਵੇਸੁ ਭੇਖ ਚਤੁਰਾਈ ਦੁਬਿਧਾ ਇਹੁ ਫਲੁ ਨਾਹੀ ਜੀਉ ॥੧॥**

**(ਸੋਰਠਿ ਮਹਲਾ ੧, ਪੰਨਾ 598)**

ਜੇ ਪਾਣੀ ਬਚਾਉਣਾ ਹੈ ਤਾਂ ਪੰਜਾਬ ਦੇ ਜਾਇਆਂ ਨੂੰ ਜਾਗਣਾ ਪਵੇਗਾ। ਚੰਡੀਗੜ੍ਹ ਵਿੱਚ ਕੁਝ ਸੁਹਿਰਦ ਸੱਜਣ 'ਪੰਜਾਬ ਜਲ ਫੋਰਮ' ਬਣਾ ਕੇ ਆਪ ਕਾਨੂੰਨੀ ਲੜਾਈ ਲੜਨਗੇ। ਪਿੰਡ-ਪਿੰਡ ਵਿੱਚ 'ਜਲ ਫੋਰਮ' ਬਣਨ ਅਤੇ ਢੋਲ ਗਲ਼ਾਂ ਵਿੱਚ ਪਾ ਦੂਜਿਆਂ ਨੂੰ ਜਗਾਉਣ — ਨਹੀਂ ਤਾਂ ਸ੍ਰੀ ਦਰਬਾਰ ਸਾਹਿਬ ਦੇ ਸਰੋਵਰ ਦਾ ਅਣਖੀ ਪਾਣ ਵਾਲਾ ਪਾਣੀ ਸੁੱਕਣ ਵਾਲਾ ਹੈ।

ਗੁਰਤੇਜ ਸਿੰਘ

ooooo

# ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਧਾਰਮਕ ਚੋਣਾਂ ਵਿੱਚ ਧਰਮ ਕੋਹਾਂ ਦੂਰ

ਕਿਰਪਾਲ ਸਿੰਘ, ਬਠਿੰਡਾ

ਵੈਸੇ ਤਾਂ ਭਾਰਤੀ ਚੋਣਾਂ ਵਿੱਚ ਹਰ ਪਾਸੇ ਇਤਨਾ ਨਿਘਾਰ ਆਇਆ ਹੋਇਆ ਹੈ ਕਿ ਇਨ੍ਹਾਂ ਵਿੱਚ ਸੱਚਾਈ, ਈਮਾਨਦਾਰੀ, ਦਿਆਨਤਾਰੀ, ਯੋਗਤਾ ਅਤੇ ਸਿਧਾਂਤ ਨੂੰ ਨੇੜੇ ਨਹੀ ਫਟਕਣ ਦਿੱਤਾ ਜਾਂਦਾ। ਹਰ ਪਾਸੇ ਝੂਠ, ਬੇਈਮਾਨੀ, ਧੋਖਾ, ਫ਼ਰੇਬ, ਭ੍ਰਿਸ਼ਟਾਚਾਰ, ਧੜੇਬਾਜ਼ੀ ਅਤੇ ਬਾਹੂਬਲ ਨੂੰ ਤਰਜੀਹ ਦਿੱਤੀ ਜਾਂਦੀ ਹੈ। ਇਹੀ ਕਾਰਣ ਹੈ ਕਿ ਇਸ ਦੇਸ਼ ਵਿੱਚ ਮਨਮੋਹਨ ਸਿੰਘ ਵਰਗਾ ਯੋਗ, ਈਮਾਨਦਾਰ ਅਤੇ ਸਿਧਾਂਤਕ ਗੱਲ ਕਰਨ ਵਾਲਾ ਵਿਅਕਤੀ ਕਦੀ ਕੋਈ ਚੋਣ ਨਹੀਂ ਜਿੱਤ ਸਕਿਆ ਅਤੇ ਵੱਡੇ-ਵੱਡੇ ਘਪਲਿਆਂ ਵਿੱਚ ਉਲਝੇ ਹੋਏ ਭ੍ਰਿਸ਼ਟ ਨੇਤਾ ਲਾਲੂ ਪ੍ਰਸ਼ਾਦ, ਜੈ ਲਲਿਤਾ, ਜਾਰਜ ਫਰਨਾਡੇਜ਼, ਸੁੱਖ ਰਾਮ ਅਤੇ ਪ੍ਰਕਾਸ਼ ਸਿੰਘ ਬਾਦਲ ਵਰਗੇ ਹੋਰ ਅਨੇਕਾਂ ਆਗੂ ਕਦੀ ਕੋਈ ਚੋਣ ਹਾਰੇ ਨਹੀਂ। ਇਸ ਤੋਂ ਪਤਾ ਲੱਗਦਾ ਹੈ ਕਿ ਸਾਡੇ ਚੋਣ ਸਿਸਟਮ ਵਿੱਚ ਬਹੁਤ ਸਾਰੀਆਂ ਖਾਮੀਆਂ ਹਨ ਅਤੇ ਦੇਸ਼ ਦੇ ਭਲੇ ਲਈ ਇਹ ਖਾਮੀਆਂ ਦੂਰ ਕਰਨੀਆਂ ਸਮੇਂ ਦੀ ਮੁੱਖ ਲੋੜ ਹੈ। ਭਾਰਤ ਦੇ ਸਾਬਕਾ ਮੁੱਖ ਚੋਣ ਕਮਿਸ਼ਨਰ ਸ੍ਰੀ ਟੀ.ਐਨ. ਸੇਸ਼ਨ ਨੇ ਇਸ ਸਬੰਧ ਵਿੱਚ ਕਈ ਸ਼ਾਲਾਘਾਯੋਗ ਕਦਮ ਪੁੱਟੇ ਸਨ ਅਤੇ ਉਸ ਤੋਂ ਬਾਅਦ ਆਉਣ ਵਾਲੇ ਹਰ ਮੁੱਖ ਚੋਣ ਕਮਿਸ਼ਨਰ ਨੇ ਚੋਣ-ਸੁਧਾਰਾਂ ਵੱਲ ਵਧਣ ਦਾ ਪੂਰਾ-ਪੂਰਾ ਯਤਨ ਕੀਤਾ ਹੈ ਪਰ ਸਾਡੇ ਰਾਜਨੀਤਕ ਨੇਤਾਵਾਂ ਵਿੱਚ ਸੱਤਾ 'ਤੇ ਪਕੜ ਦੀ ਲਾਲਸਾ ਇਤਨਾ ਘਰ ਕਰ ਚੁੱਕੀ ਹੈ ਕਿ ਉਹ ਇਹਨਾਂ ਚੋਣ-ਸੁਧਾਰਾਂ ਨੂੰ ਲਾਗੂ ਕਰਨ ਵਿੱਚ ਹਰ ਅੜਿੱਕਾ ਪਾਉਣ ਲਈ ਤਤਪਰ ਰਹਿੰਦੇ ਹਨ। ਜਿਵੇਂ ਕਿ ਸ਼ਨਾਖਤੀ ਕਾਰਡਾਂ ਰਾਹੀਂ ਵੋਟ ਪਾਉਣ ਨੂੰ ਅੱਜ ਤੱਕ ਲਾਗੂ ਨਹੀਂ ਹੋਣ ਦਿੱਤਾ ਗਿਆ। ਹਰ ਛੋਟੀ ਤੋਂ ਛੋਟੀ ਪਾਰਟੀ ਤੱਕ ਜਾਅਲੀ ਵੋਟਾਂ ਦੇ ਆਧਾਰ 'ਤੇ ਚੋਣ ਜਿੱਤਣ ਵਿੱਚ ਯਕੀਨ ਰੱਖਦੀ ਹੈ ਅਤੇ ਇਸੇ ਕਰ ਕੇ ਕੋਈ ਵੀ ਪਾਰਟੀ ਵੋਟ ਪਾਉਣ ਲਈ ਸ਼ਨਾਖਤੀ ਕਾਰਡ ਦੀ ਹਰ ਹਾਲਤ ਵਿੱਚ ਜ਼ਰੂਰਤ ਦੀ ਮੰਗ ਕਰਨ ਲਈ ਤਿਆਰ ਨਹੀਂ ਹੈ। ਸਿੱਟਾ ਇਹ ਨਿਕਲਿਆ ਕਿ ਹਰ ਚੋਣ ਵਿੱਚ ਲੱਠਮਾਰ, ਬਾਹੂਬਲ ਅਤੇ ਭ੍ਰਿਸ਼ਟ ਢੰਗ ਅਪਨਾਉਣ ਵਾਲਿਆਂ ਦਾ ਬੋਲਬਾਲਾ ਰਿਹਾ ਹੈ ਅਤੇ ਈਮਾਨਦਾਰ ਤੇ ਯੋਗ ਵਿਅਕਤੀ ਚੋਣ ਲੜਨ ਦਾ ਹੌਂਸਲਾ ਤੱਕ ਨਹੀਂ ਕਰ ਸਕਦਾ।

ਹੁਣੇ ਹੋਈਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਵਿੱਚ ਧਰਮ ਦੇ ਨਾਮ 'ਤੇ ਚੋਣਾਂ ਲੜਨ ਵਾਲੀਆਂ ਦੋਵੇਂ ਮੁੱਖ ਧਿਰਾਂ — ਸ਼੍ਰੋਮਣੀ ਅਕਾਲੀ ਦਲ (ਬਾਦਲ) ਅਤੇ ਪੰਥਕ ਮੋਰਚਾ — ਅਤੇ ਨਿਰਪੱਖ ਚੋਣਾਂ ਕਰਵਾਉਣ ਲਈ ਸੰਵਿਧਾਨਕ ਤੌਰ 'ਤੇ ਜ਼ਿੰਮੇਵਾਰ ਦੋਵੇਂ ਧਿਰਾਂ — ਗੁਰਦੁਆਰਾ ਚੋਣ ਕਮਿਸ਼ਨ ਅਤੇ ਪੰਜਾਬ ਸਿਵਲ ਪ੍ਰਸ਼ਾਸਨ — ਦੀਆਂ ਕਾਰਵਾਈਆਂ ਨੇ ਤਾਂ ਗੁਰੂ ਨਾਨਕ ਸਾਹਿਬ ਦੇ ਬਚਨ "ਸਰਮੁ ਧਰਮੁ ਦੁਇ ਛਪਿ ਖਲੋਏ, ਕੂੜੁ ਫਿਰੈ ਪਰਧਾਨੁ ਵੇ ਲਾਲੋ॥" ਦੀ ਯਾਦ ਤਾਜ਼ਾ ਕਰਵਾ ਦਿੱਤੀ। ਗੁਰਦੁਆਰਾ ਚੋਣ ਕਮਿਸ਼ਨ ਨੇ ਬਾਦਲ ਦਲ ਨੂੰ ਫਾਇਦਾ ਪਹੁੰਚਾਉਣ ਦੀ ਨੀਯਤ ਨਾਲ ਚੋਣ ਪ੍ਰੀਕਿਰਿਆ ਸ਼ੁਰੂ ਹੋਣ ਤੋਂ ਬਾਅਦ ਵਾਰ-ਵਾਰ ਆਪਣਾ ਚੋਣ-ਪ੍ਰੋਗਰਾਮ ਅਤੇ ਆਪਣੀਆਂ ਹਦਾਇਤਾਂ ਬਦਲੀਆਂ, ਨਾਮਜ਼ਦਗੀ ਕਾਗਜ਼ ਵਾਪਸ ਲੈਣ ਦੀ ਤਰੀਕ ਤੋਂ ਵੀ ਪਿੱਛੋਂ ਤੱਕ ਨਵੀਆਂ ਵੋਟਾਂ ਬਣਾਉਣੀਆਂ ਜਾਰੀ ਰੱਖੀਆਂ, ਜਿਸ ਸਦਕਾ ਚੋਣਾਂ ਲੜ ਰਹੇ ਪਾਰਟੀ ਉਮੀਦਵਾਰਾਂ ਨੇ ਆਪਣੇ ਹਲਕੇ ਤੋਂ ਬਾਹਰਲੇ ਪਿੰਡ ਵਾਸੀਆਂ ਦੀਆਂ (ਗ਼ਲਤ ਜਾਂ ਅਧੂਰਾ ਪਤਾ ਲਿਖ ਕੇ) ਆਪਣੇ ਹਲਕੇ ਦੇ ਸ਼ਹਿਰ ਵਿੱਚ ਵੋਟਾਂ ਬਣਵਾਈਆਂ। ਸ਼ਹਿਰੀ ਇਲਾਕੇ ਵਿੱਚ ਵੋਟਾਂ ਦਰਜ ਕਰਨ ਦਾ ਢੰਗ ਇਤਨਾ ਗ਼ਲਤ ਸੀ ਕਿ ਇੱਕ-ਇੱਕ ਘਰ ਵਿੱਚ ਚਾਲੀ-ਚਾਲੀ ਵੋਟਾਂ ਦਰਜ ਹੋਈਆਂ. ਬਠਿੰਡਾ ਦੇ ਵਾਰਡ ਨੰ: 4, ਭਾਗ ਨੰ: 6 ਵਿੱਚ ਤਾਂ 872 ਵੋਟਾਂ ਦਰਜ ਹੋਈਆਂ ਪਰ ਇਹਨਾਂ ਵਿੱਚੋਂ ਕਿਸੇ ਇੱਕ ਦਾ ਵੀ ਮਕਾਨ ਨੰ:, ਗਲੀ ਨੰ: ਅਤੇ ਮੁਹੱਲੇ ਦਾ ਨਾਮ ਦਰਜ ਨਹੀਂ ਹੈ। ਬਾਕੀ ਦੀਆਂ ਵੋਟਰ-ਸੂਚੀਆਂ ਦੇ ਹਰ ਭਾਗ ਵਿੱਚ ਤਕਰੀਬਨ ਬਠਿੰਡਾ ਦੇ ਹਰ ਮੁਹੱਲੇ ਦੀਆਂ ਵੋਟਾਂ ਦਰਜ ਹਨ। ਇਸ ਤਰ੍ਹਾਂ ਆਮ ਆਦਮੀ ਵਾਸਤੇ ਆਪਣੀ ਵੋਟ ਲੱਭਣੀ ਬਹੁਤ ਮੁਸ਼ਕਲ ਸੀ। ਕਾਗਜ਼ਾਂ ਵਿੱਚ ਤਾਂ ਭਾਵੇਂ ਹਰ ਵੋਟਰ ਨੂੰ ਆਪਣੀ ਵੋਟ ਪਾਉਣ ਲਈ ਇੱਕ ਕਿਲੋਮੀਟਰ ਦਾ ਫ਼ਾਸਲਾ ਤਹਿ ਕਰਨਾ ਪੈਣਾ ਸੀ ਪਰ ਅਸਲੀਅਤ ਵਿੱਚ ਇਹ 6 ਤੋਂ 9 ਕਿਲੋਮੀਟਰ ਤੱਕ ਸੀ। ਇਸ ਤਰ੍ਹਾਂ ਸਹੀ ਵੋਟ, ਜੋ ਵੀ ਬਣੀ ਸੀ, ਉਹ ਤਾਂ ਆਪਣੀ ਵੋਟ ਲੱਭਣ ਅਤੇ ਪਾਉਣ ਤੋਂ ਬਿਲਕੁਲ ਅਸਮਰੱਥ ਰਿਹਾ ਕਿਉਂਕਿ ਬੂਥਾਂ ਦੀ ਸੂਚੀ ਵੀ ਐਨ ਮੌਕੇ 'ਤੇ ਦਿੱਤੀ ਗਈ ਸੀ। ਇਸ ਲਈ, ਵੋਟਰ ਨੂੰ ਪਤਾ ਹੀ ਨਹੀਂ ਚੱਲਿਆ ਕਿ ਉਹ ਆਪਣੀ ਵੋਟ ਕਿੱਥੇ ਪਾਵੇ। ਪਰ ਦੂਸਰੇ ਪਾਸੇ ਦੋਵੇਂ ਪਾਰਟੀਆਂ ਦੇ ਉਮੀਦਵਾਰ ਆਪਣੇ ਸਮਰਥਕਾਂ ਦੀਆਂ ਗੱਡੀਆਂ ਭਰੀ ਫਿਰਦੇ ਸਨ ਅਤੇ ਉਹਨਾਂ ਨੇ ਹਰ ਬੂਥ 'ਤੇ ਜਾਅਲੀ ਵੋਟਾਂ ਪਾਈਆਂ। ਦੋਵੇ ਪਾਰਟੀਆਂ ਦੇ

ਉਮੀਦਵਾਰਾਂ ਨੇ ਜਾਅਲੀ ਵੋਟਾਂ ਪਾਉਣ ਲਈ ਇੱਕ ਤਰ੍ਹਾਂ ਸਮਝੌਤਾ ਕੀਤਾ ਹੋਇਆ ਸੀ ਅਤੇ ਪ੍ਰਸ਼ਾਸਨ ਅਤੇ ਚੋਣ ਅਮਲੇ ਨੇ ਉਹਨਾਂ ਦਾ ਪੂਰਾ ਸਾਥ ਦਿੱਤਾ। ਆਜ਼ਾਦ ਉਮੀਦਵਾਰਾਂ ਦੇ ਪੋਲਿੰਗ ਏਜੰਟਾਂ ਦੀ ਮੇਲੇ ਵਿਚਲੇ ਚੱਕੀ ਰਾਹੇ ਵਾਂਗ ਕਿਸੇ ਨੇ ਨਹੀਂ ਸੁਣੀ। ਦੋਵੇਂ ਪਾਰਟੀਆਂ ਦੇ ਉਮੀਦਵਾਰਾਂ ਨੇ ਆਪਣੇ ਹੱਕ ਵਿੱਚ ਭੁਗਤਣ ਵਾਲੇ ਹਿੰਦੂਆਂ ਦੇ ਨਾਂਵਾਂ ਪਿੱਛੇ ਫ਼ਰਜ਼ੀ ਸਿੰਘ ਅਤੇ ਕੌਰ ਲਿਖ ਕੇ ਵੋਟਾਂ ਬਣਵਾਈਆਂ, ਜਿਨ੍ਹਾਂ ਵਿੱਚੋਂ ਇੱਕ ਉਦਾਹਰਣ ਬਠਿੰਡਾ ਹਲਕੇ ਦੇ ਪਿੰਡ ਚੱਕ ਬਖਤੂ, ਹੱਦ ਬਸਤ ਨੰ: 203, ਭਾਗ ਨੰ: 72, ਵੋਟ ਨੰ: 702 ਤੋਂ 731 (ਅਨੁਰੂਪਕ ਵੋਟਰ-ਸੂਚੀ 2004) ਦੀ ਹੈ। ਇਤਰਾਜ਼ ਕਰਨ 'ਤੇ ਐਸ.ਡੀ.ਐਮ. ਬਠਿੰਡਾ ਨੇ ਕਿਹਾ ਕਿ ਇਤਰਾਜ਼ ਕਰਨ ਦਾ ਸਮਾਂ ਨਹੀਂ ਹੈ; ਜੋ ਵੋਟ ਬਣ ਗਈ ਹੈ ਅਤੇ ਜਿਸ ਦੇ ਪਿੱਛੇ ਸਿੰਘ ਜਾਂ ਕੌਰ ਹੈ, ਉਸ ਦੇ ਭਾਵੇਂ ਕੇਸ ਦਾਹੜੀ ਕੱਟੇ ਹੋਣ, ਉਹ ਵੋਟ ਪਵੇਗੀ; ਉਸ ਨੂੰ ਕੋਈ ਰੋਕ ਨਹੀਂ ਸਕਦਾ। ਗੁਰਦੁਆਰਾ ਚੋਣ ਕਮਿਸ਼ਨ ਨੂੰ ਉਹਨਾਂ ਦੇ ਅਖ਼ਬਾਰੀ ਬਿਆਨਾਂ ਦਾ ਚੇਤਾ ਕਰਵਾ ਕੇ ਟੈਲੀਫੋਨ 'ਤੇ ਦਖਲ ਦੇਣ ਲਈ ਬੇਨਤੀ ਕਰਨ 'ਤੇ ਉਹਨਾਂ ਕਿਹਾ ਕਿ ਕੇਸ-ਦਾਹੜੀ ਕੱਟੇ ਵਾਲੇ ਦੀ ਵੋਟ ਨਹੀਂ ਪਏਗੀ। ਇਸ ਸਬੰਧ ਵਿੱਚ ਸਾਰੇ ਰਿਟਰਨਿੰਗ ਅਫ਼ਸਰਾਂ ਤੇ ਜ਼ਿਲ੍ਹਾਂ ਚੋਣ ਅਫ਼ਸਰਾਂ ਨੂੰ ਲਿਖਤੀ ਹਦਾਇਤਾਂ ਦੇ ਦਿੱਤੀਆਂ ਗਈਆਂ ਹਨ ਪਰ ਦੋਵੇਂ ਗੁਰਦੁਆਰਾ ਚੋਣ ਕਮਿਸ਼ਨ ਅਤੇ ਰਿਟਰਨਿੰਗ ਅਫ਼ਸਰ ਕਿਸੇ ਵੀ ਤਰ੍ਹਾਂ ਦੀਆਂ ਲਿਖਤੀ ਹਦਾਇਤਾਂ ਆਜ਼ਾਦ ਉਮੀਦਵਾਰਾਂ ਨੂੰ ਦੇਣ ਤੋਂ ਇਨਕਾਰੀ ਸਨ। ਬਠਿੰਡਾ ਤੋਂ ਆਜ਼ਾਦ ਤੌਰ 'ਤੇ ਚੋਣ ਲੜ ਰਹੇ ਉਮੀਦਵਾਰ ਨੂੰ ਅਕਾਲ ਤਖ਼ਤ ਦੇ ਵਿਰੋਧੀ ਦੱਸਣ ਵਾਲੇ ਦੋਵੇਂ ਪਾਰਟੀ ਉਮੀਦਵਾਰਾਂ ਨੇ ਖ਼ੁਦ ਅਕਾਲ ਤਖ਼ਤ ਦੇ 'ਜਥੇਦਾਰ' ਸਾਹਿਬ ਵੱਲੋਂ ਸ਼੍ਰੋਮਣੀ ਕਮੇਟੀ ਲਈ ਉਮੀਦਵਾਰਾਂ ਸਬੰਧੀ ਨਿਰਦੇਸ਼ਾਂ ਦੀਆਂ ਧੱਜੀਆਂ ਉਡਾਈਆਂ ਕਿਉਂਕਿ ਇੱਕ ਦੇ ਪੁੱਤਰ ਅਤੇ ਦੂਸਰੇ ਦੀ ਪੁੱਤਰੀ ਦੇ ਕੇਸ ਕੱਟੇ ਹੋਏ ਹਨ। ਦੋਵਾਂ ਦੇ ਪੁੱਤਰ ਸ਼ਰਾਬ ਪੀਂਦੇ ਹਨ। ਇੱਕ ਨੇ ਤਾਂ ਖ਼ੁਦ ਵੀ ਕਾਗਜ਼ ਭਰਨ ਤੋਂ ਸਿਰਫ਼ ਇੱਕ ਦਿਨ ਪਹਿਲਾਂ ਵਿਖਾਵੇ ਮਾਤਰ ਅੰਮ੍ਰਿਤ ਛਕਿਆ ਸੀ ਤੇ ਸ਼ਰਾਬ ਪੀਂਦਾ ਸੀ। ਇਸ ਤਰ੍ਹਾਂ ਅੰਮ੍ਰਿਤ ਦੀ ਪਵਿੱਤਰ ਰਸਮ ਨੂੰ ਭੇਖ ਦਾ ਰੂਪ ਦਿੱਤਾ ਹੈ। 'ਜਥੇਦਾਰ' ਸਾਹਿਬ ਖ਼ੁਦ ਵੀ ਦਿਸ਼ਾ-ਨਿਰਦੇਸ਼ ਦੇ ਕੇ ਉਸ ਨੂੰ ਲਾਗੂ ਕਰਨ ਦੀ ਥਾਂ ਆਪ ਹੀ ਅਮਰੀਕਾ ਚਲੇ ਗਏ। ਇਸ ਤਰ੍ਹਾਂ ਸਭ ਪਾਸੇ ਕੂੜ ਦਾ ਹੀ ਪਸਾਰਾ ਸੀ ਅਤੇ ਜੇਕਰ ਕਿਤੇ ਸੱਚ ਹੈ ਤਾਂ ਉਹ ਮੱਸਿਆ ਦੀ ਕਾਲੀ ਰਾਤ ਵਿੱਚ ਕਿਧਰੇ ਨਜ਼ਰ ਨਹੀਂ ਆ ਰਿਹਾ: "ਕੂੜ ਅਮਾਵਸ ਸਚੁ ਚੰਦਰਮਾ ਦਿਸੈ ਨਾਹੀ ਕਹ ਚੜਿਆ॥" ਦੋਵੇਂ ਹੀ ਪਾਰਟੀਆਂ ਨੇ ਕਲੀਨ ਸ਼ੇਵਨ ਵਿਅਕਤੀਆਂ ਦੀਆਂ ਵੋਟਾਂ ਸ਼ਰ੍ਹੇਆਮ ਭੁਗਤਾਈਆਂ। ਬਾਦਲ ਪਾਰਟੀ ਨੇ ਸਿਧਾਂਤਾਂ ਦੀ ਗੱਲ ਕਰਨ ਦੀ ਥਾਂ ਇਸ ਚੋਣ ਨੂੰ ਸਿੱਖਾਂ ਤੇ ਕਾਂਗਰਸ ਦੀ ਲੜਾਈ ਦੱਸਿਆ। ਅਖ਼ਬਾਰੀ ਖ਼ਬਰਾਂ ਅਨੁਸਾਰ ਸਾਰੇ ਹੀ ਉਮੀਦਵਾਰ ਤੇ ਉਨ੍ਹਾਂ ਦੇ ਸਮਰਥਕਾਂ ਨੇ ਸਾਰੀਆਂ ਹੱਦਾਂ ਟੱਪੀਆਂ। ਗੋਲ਼ੀਆਂ, ਗਾਲ੍ਹਾਂ ਤੇ ਡਾਂਗਾਂ ਚੱਲੀਆਂ; ਮੋਨਿਆਂ ਨੇ ਵੋਟਾਂ ਪਾਈਆਂ। ਸ਼ਰਾਬ ਦੀ ਇੱਥੋਂ ਤੱਕ ਖੁੱਲ੍ਹ ਕੇ ਵਰਤੋਂ ਹੋਈ ਕਿ ਦੋ ਜਣੇ ਤਾਂ ਮੁਫ਼ਤ ਪੀ ਕੇ ਹੀ ਮਰ ਗਏ। ਇਸ ਦੰਗਲ ਵਿੱਚ ਬਾਦਲ ਦਲ ਬਾਜ਼ੀ ਮਾਰ ਗਿਆ ਪਰ ਪੰਥਕ ਮੋਰਚਾ ਹਾਰ ਕੇ ਵੀ ਚੋਣ- ਸੁਧਾਰਾਂ ਦੀ ਮੰਗ ਨਹੀਂ ਕਰ ਰਿਹਾ। ਸ਼ਾਇਦ ਇਸ ਨੂੰ ਉਮੀਦ ਹੋਵੇ ਕਿ ਕਿਸੇ ਦਿਨ ਉਹ ਵੀ ਇਸੇ ਢੰਗ ਨਾਲ ਚੋਣ ਜਿੱਤ ਸਕਦਾ ਹੋਵੇ। ਇਹ ਸਭ ਕੁਝ ਕਰਨ ਵਾਲੇ ਤਾਂ ਇੱਕ ਪਾਸੇ, ਵੇਖ ਕੇ ਚੁੱਪ ਰਹਿਣ ਵਾਲੇ ਵੀ ਆਪਣੇ-ਆਪ ਨੂੰ ਧਾਰਮਕ ਕਹਾਉਣ ਦੇ ਹੱਕਦਾਰ ਨਹੀਂ। ਅਜਿਹੀਆਂ ਹਾਲਤਾਂ ਵਿੱਚ ਵੈਸੇ ਤਾਂ ਚੋਣ-ਸੁਧਾਰਾਂ ਦੀ ਗੱਲ ਕਰਨਾ ਹੀ ਫਜ਼ੂਲ ਦੀ ਗੱਲ ਲੱਗਦੀ ਹੈ ਪਰ ਜੇ ਕਰ ਕਿਸੇ ਅਧਿਕਾਰੀ, ਸਰਕਾਰ, ਕਮਿਸ਼ਨ ਜਾਂ ਅਖੌਤੀ ਅਕਾਲੀ ਲੀਡਰਾਂ ਵਿੱਚ ਧਰਮ ਦਾ ਕੋਈ ਕਿਣਕਾ ਮਾਤਰ ਹੈ ਤਾਂ ਉਹ ਇਹਨਾਂ ਧਾਰਮਕ ਚੋਣਾਂ ਲਈ ਹੇਠ ਲਿਖੇ ਸੁਝਾਅ ਪ੍ਰਵਾਨ ਕਰਨ।

1. ਪੰਚਾਇਤ ਚੋਣਾਂ ਵਾਂਗ ਸ਼੍ਰੋਮਣੀ ਕਮੇਟੀ ਚੋਣਾਂ ਪਾਰਟੀ ਪੱਧਰ 'ਤੇ ਨਾ ਲੜੀਆਂ ਜਾਣ। ਪਾਰਟੀ ਪ੍ਰਧਾਨਾਂ ਵੱਲੋਂ ਆਪਣੇ ਚਹੇਤੇ ਅਤੇ ਵਫ਼ਾਦਾਰ ਪਰ ਗੁਰਮਤਿ, ਰਹਿਤ ਅਤੇ ਸਿੱਖ ਆਚਰਣ ਤੋਂ ਸੱਖਣੇ ਉਮੀਦਵਾਰ ਥੋਪਣ ਦੀ ਥਾਂ, ਚੋਣ ਹਲਕੇ ਦੇ ਸਾਰੇ ਪਿੰਡਾਂ ਅਤੇ ਸ਼ਹਿਰ ਦੇ ਵਾਰਡਾਂ ਵਿੱਚੋਂ ਸਿੱਖ ਆਬਾਦੀ ਅਨੁਸਾਰ ਘੱਟ ਤੋਂ ਘੱਟ ਦੋ ਉੱਚੇ-ਸੁੱਚੇ ਆਚਰਨ ਤੇ ਸਿੱਖ ਰਹਿਤ ਮਰਯਾਦਾ ਦੇ ਧਾਰਨੀ, ਸ਼ਬਦ-ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਸਮਰਪਤ ਗੁਰਸਿੱਖ ਲੈ ਕੇ ਇੱਕ ਸਾਂਝੀ ਮੀਟਿੰਗ ਕਰ ਕੇ ਆਪਣੇ ਵਿੱਚੋਂ ਕੋਈ ਯੋਗ ਉਮੀਦਵਾਰ ਚੁਣਨ।

2. ਵੋਟ ਦਰਜ ਕਰਵਾਉਣ ਵਾਲੇ ਫਾਰਮ ਵਿੱਚ ਮਾਮੂਲੀ ਸੋਧ ਕਰ ਕੇ ਇਹਨਾਂ ਨੂੰ 'ਫਾਰਮ 1 (ਅੰਮ੍ਰਿਤਧਾਰੀ ਸਿੱਖ ਲਈ)' ਅਤੇ 'ਫਾਰਮ 1 (ੳ) (ਕੇਸਾਧਾਰੀ ਸਿੱਖ ਲਈ)' ਲਿਖਿਆ ਜਾਵੇ। ਫਾਰਮ ਵਿੱਚ ਮਕਾਨ ਨੰ:, ਮੁਹੱਲਾ ਜਾਂ ਪਤਾ, ਵਾਰਡ ਜਾਂ ਪਿੰਡ, ਥਾਣਾ, ਤਹਿਸੀਲ, ਜਿਲ੍ਹਾ ਆਦਿ ਦੇ ਵੱਖਰੇ-ਵੱਖਰੇ ਖਾਨੇ ਬਣਾਏ ਜਾਣ। ਇੱਕ ਖਾਨਾ ਫੋਟੋ ਲਈ ਬਣਾਇਆ ਜਾਵੇ। ਕਿਸੇ ਵੀ ਫਾਰਮ 'ਤੇ ਫੋਟੋ

ਦੀ ਅਣਹੋਂਦ ਅਤੇ ਅਧੂਰਾ ਪਤਾ ਲਿਖਣ 'ਤੇ ਉਹ ਰੱਦ ਕਰ ਦਿੱਤਾ ਜਾਵੇ। ਵੋਟਰ ਸੂਚੀ ਚੋਣਾਂ ਤੋਂ ਘੱਟ ਤੋਂ ਘੱਟ ਦੋ ਸਾਲ ਪਹਿਲਾਂ ਤਿਆਰ ਹੋ ਜਾਵੇ ਤੇ ਬਿਲਕੁਲ ਮਕਾਨਾਂ ਤੇ ਲੜੀਵਾਰ ਨੰਃ ਅਨੁਸਾਰ ਹੋਵੇ ਤਾਂ ਕਿ ਕਿਸੇ ਵੀ ਵੋਟਰ ਦੀ ਸ਼ਨਾਖਤ ਕਰ ਕੇ ਗ਼ਲਤ ਬਣੀ ਵੋਟ 'ਤੇ ਇਤਰਾਜ਼ ਕਰ ਕੇ ਕਟਾਈ ਜਾ ਸਕੇ ਅਤੇ ਰਹੀ ਹੋਈ ਵੋਟ ਬਣਾਈ ਜਾ ਸਕੇ। ਉਮੀਦਵਾਰ ਅੰਮ੍ਰਿਤਧਾਰੀ ਫਾਰਮ ਭਰਨ ਵਾਲੇ ਵਿੱਚੋਂ ਹੀ ਬਣ ਸਕਦਾ ਹੋਵੇ ਤਾਂ ਕਿ ਮੌਕੇ 'ਤੇ ਭੇਖ ਧਾਰਨ ਵਾਲਾ ਕੋਈ ਵੀ ਉਮੀਦਵਾਰ ਨਾ ਬਣ ਸਕੇ। ਫਾਰਮ ਵਿੱਚ ਇੱਕ ਹੋਰ ਬਿਆਨ ਦਾ ਵਾਧਾ ਕੀਤਾ ਜਾਵੇ ਕਿ ਮੈਂ ਸਿਰਫ਼ ਗੁਰੂ ਗ੍ਰੰਥ ਸਾਹਿਬ ਜੀ ਨੂੰ ਆਪਣਾ ਗੁਰੂ ਮੰਨਦਾ ਹਾਂ, ਕਿਸੇ ਦੇਹਧਾਰੀ ਗੁਰੂ ਨੂੰ ਨਹੀਂ ਮੰਨਦਾ।

3. ਫਾਰਮ ਉੱਪਰ ਲਿਖੇ ਬਿਆਨਾਂ ਵਿੱਚੋਂ ਕੁਝ ਵੀ ਗ਼ਲਤ ਸਾਬਤ ਹੋਣ ਦੀ ਸੂਰਤ ਵਿੱਚ ਫਾਰਮ ਭਰਨ ਵਾਲੇ ਅਤੇ ਤਸਦੀਕ ਕਰ ਕੇ ਵੋਟ ਬਣਾਉਣ ਵਾਲੇ ਅਧਿਕਾਰੀ ਲਈ ਸਜ਼ਾ ਨਿਸਚਤ ਕੀਤੀ ਜਾਵੇ।

4. ਹਰ ਵੋਟਰ ਨੂੰ ਫੋਟੋ ਵਾਲਾ ਸ਼ਨਾਖਤੀ ਕਾਰਡ ਜਾਰੀ ਕੀਤਾ ਜਾਵੇ, ਜਿਸ ਦੀ ਅਣਹੋਂਦ ਵਿੱਚ ਕਿਸੇ ਵੀ ਵੋਟਰ ਨੂੰ ਵੋਟ ਪਾਉਣ ਦਾ ਅਧਿਕਾਰ ਨਾ ਹੋਵੇ।

5. ਵੋਟ ਪਾਉਣ ਸਮੇਂ ਜੇ ਕਿਸੇ ਵੋਟਰ ਦੇ ਕੇਸ-ਦਾੜ੍ਹੀ ਕੱਟੇ ਹੋਣ ਤਾਂ ਉਸ ਨੂੰ ਵੋਟ ਪਾਉਣ ਦਾ ਅਧਿਕਾਰ ਨਾ ਹੋਵੇ, ਭਾਵੇਂ ਉਸ ਦਾ ਨਾਮ ਵੋਟਰ-ਸੂਚੀ ਵਿੱਚ ਦਰਜ ਹੋਵੇ ਅਤੇ ਉਸ ਪਾਸ ਸ਼ਨਾਖਤੀ ਕਾਰਡ ਹੋਵੇ।

OOOOO

## ਮਾਡਰਨ ਮਹੰਤਾਂ ਨੂੰ ਗੁਰਦੁਆਰਿਆਂ 'ਚੋਂ ਬਾਹਰ ਕਿਵੇਂ ਕੱਢਿਆ ਜਾਵੇ ?

ਮਹਿੰਦਰ ਸਿੰਘ ਚਚਰਾੜੀ

11 ਜੁਲਾਈ ਦੀਆਂ ਸ਼੍ਰੋਮਣੀ ਕਮੇਟੀ ਚੋਣਾਂ ਤੋਂ ਬਾਅਦ ਬਾਦਲਕਿਆਂ ਵੱਲੋਂ ਸ਼੍ਰੋਮਣੀ ਕਮੇਟੀ 'ਤੇ ਇੱਕ ਵਾਰੀ ਫਿਰ ਕਬਜ਼ਾ ਕਰ ਲਏ ਜਾਣ ਮਗਰੋਂ ਪੰਥਕ ਹਲਕਿਆਂ ਵਿੱਚ ਡਾਢੀ ਚਿੰਤਾ ਪਸਰ ਗਈ ਹੈ। ਗੁਰਦੁਆਰਾ ਸੁਧਾਰ ਲਹਿਰ ਮਗਰੋਂ ਗੁਰਦੁਆਰਿਆਂ ਦਾ ਪ੍ਰਬੰਧ ਸੁਚੱਜੇ ਢੰਗ ਨਾਲ ਚਲਾਉਣ ਲਈ 'ਗੁਰਦੁਆਰਾ ਐਕਟ' ਅਧੀਨ 1925 'ਚ ਸ਼੍ਰੋਮਣੀ ਗੁਰਦੁਆਰਾ ਪ੍ਰਬਧਕ ਕਮੇਟੀ ਦੀ ਸਥਾਪਨਾ ਹੋਈ ਸੀ ਪਰ ਇਸ ਦੀ ਕਾਰਗੁਜ਼ਾਰੀ 'ਚ ਦਿਨੋ-ਦਿਨ ਆਉਂਦੇ ਗਏ ਨਿਘਾਰ ਨੇ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ, ਯੂ.ਪੀ. ਸਿੱਖ ਪ੍ਰਤੀਨਿਧ ਬੋਰਡ, ਜੰਮੂ-ਕਸ਼ਮੀਰ ਗੁਰਦੁਆਰਾ ਬੋਰਡ, ਪਾਕਿਸਤਾਨ ਗੁਰਦੁਆਰਾ ਪ੍ਰਬੰਧਕ ਕਮੇਟੀ, ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ, ਯੂਰਪੀਅਨ ਗੁਰਦੁਆਰਾ ਪ੍ਰਬੰਧਕ ਕਮੇਟੀ, ਹਰਿਆਣਾ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਹੋਰ ਕਈ ਕਮੇਟੀਆਂ ਨੂੰ ਜਨਮ ਦਿੱਤਾ ਹੈ।

ਕਿਸੇ ਵੇਲੇ 500 ਤੋਂ ਉੱਪਰ ਇਤਿਹਾਸਕ ਗੁਰਦੁਆਰਿਆਂ ਦੀ ਸਾਂਭ-ਸੰਭਾਲ ਲਈ ਜ਼ਿੰਮੇਵਾਰ ਬਣਾਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੱਜ ਸਿਰਫ਼ 150 ਦੇ ਕਰੀਬ ਇਤਿਹਾਸਕ ਗੁਰਦੁਆਰਿਆਂ ਦਾ ਪ੍ਰਬੰਧ ਵੀ ਸੁਚੱਜੇ ਢੰਗ ਨਾਲ ਚਲਾਉਣੋਂ ਅਸਮਰੱਥ ਕਿਉਂ ਹੋ ਗਈ ਹੈ ? ਇਸ ਦੀਆਂ ਹਰ ਚੋਣਾਂ ਮਗਰੋਂ ਹਾਲਤ ਬਦਤਰ ਹੀ ਕਿਉਂ ਹੁੰਦੀ ਜਾ ਰਹੀ ਹੈ। ਇਸ ਦਾ ਇੱਕ ਵੱਡਾ ਕਾਰਣ ਹੈ 'ਗੁਰਦੁਆਰਾ ਐਕਟ' ਦਾ ਭਾਰਤੀ ਪਾਰਲੀਮੈਂਟ ਦੀ ਛਤਰ-ਛਾਇਆ ਹੇਠ ਘੜਿਆ ਜਾਣਾ ਤੇ ਗੁਰਦੁਆਰਾ ਕਮਿਸ਼ਨ ਦਾ ਭਾਰਤੀ ਪ੍ਰਧਾਨ ਮੰਤਰੀ ਦੇ ਅਧੀਨ ਹੋਣਾ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਅਗਰੇਜ਼ਾਂ ਦੇ ਪਿੱਠੂ ਮਹੰਤਾਂ ਕੋਲੋਂ ਗੁਰਦੁਆਰੇ ਆਜ਼ਾਦ ਕਰਵਾ ਲਏ ਪਰ ਕਾਨੂੰਨੀ ਦਾਅ-ਪੇਚਾਂ 'ਚ ਉਲਝ ਕੇ ਅੰਤ ਭਾਰਤੀ ਗ਼ੁਲਾਮੀ ਪ੍ਰਵਾਨ ਕਰ ਲਈ। ਅੱਜ ਭਾਰਤੀ ਪਾਰਲੀਮੈਂਟ, ਭਾਰਤੀ ਪ੍ਰਧਾਨ ਮੰਤਰੀ, ਭਾਰਤੀ ਹੋਮ ਮਨਿਸਟਰੀ ਦੀ ਜ਼ਬਰਦਸਤ ਪਕੜ ਹੇਠ ਕੰਮ ਕਰ ਰਹੇ 'ਗੁਰਦੁਆਰਾ ਕਮਿਸ਼ਨ' ਦੀ ਅਧੀਨਗੀ ਹੇਠ ਕੰਮ ਕਰ ਰਹੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਗੁਰਦੁਆਰਿਆਂ ਦਾ ਆਜ਼ਾਦ ਪ੍ਰਬੰਧ ਕਿਵੇਂ ਸਿਰਜ ਸਕਦੀ ਹੈ ? ਸਿੱਖ ਮਹਿਸੂਸ ਕਰਨ ਲੱਗ ਪਏ ਹਨਃ "ਮਹੰਤਾਂ ਨੂੰ ਤਾਂ ਅਸੀਂ ਗੁਰਦੁਆਰਿਆਂ ਚੋਂ ਬਾਹਰ ਕੱਢ ਦਿੱਤਾ ਹੈ ਪਰ ਹੁਣ ਜਿਹੜਾ ਨਵਾਂ ਪ੍ਰਬੰਧ ਅਸੀਂ ਸਿਰਜਿਆ ਹੈ, ਉਹ ਇਸ ਤੋਂ ਵੀ ਮਾੜਾ ਸਾਬਤ ਹੋ ਗਿਆ ਹੈ ਤੇ ਅਜੋਕੇ ਪ੍ਰਬੰਧਕ ਨਵੇਂ ਮਹੰਤ ਸਾਬਤ ਹੋ ਰਹੇ ਹਨ।"

ਭਾਰਤੀ ਪ੍ਰਬੰਧ ਹੇਠ ਆਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਅੱਜ ਮਾਡਰਨ ਮਹੰਤਾਂ ਦਾ ਰੂਪ ਧਾਰ ਗਏ ਹਨ। ਗੁਰਦੁਆਰੇ 'ਧਰਮ ਪ੍ਰਚਾਰ' ਦੇ ਕੇਂਦਰ ਨਾ ਰਹਿ ਕੇ ਸਿਆਸਤ-ਸਥਾਨ ਬਣ ਚੁੱਕੇ ਹਨ। ਗੁਰਦੁਆਰਿਆਂ 'ਤੇ ਸਿਆਸਤ ਇਸ ਕਦਰ ਹਾਵੀ ਹੋ ਚੁੱਕੀ ਹੈ ਕਿ ਗੁਰਦੁਆਰਾ ਚੋਣਾਂ ਜਿੱਤਣ ਲਈ ਸ਼ਰਾਬ ਤੇ ਕੰਜਰੀਆਂ ਦੇ ਨਾਚ ਸ਼ਰ੍ਹੇਆਮ ਹੋਣ ਲੱਗ ਪਏ ਹਨ ਤੇ ਕੋਈ ਇਨ੍ਹਾਂ ਤੇ ਖੁੱਲ੍ਹ ਕੇ ਇਤਰਾਜ਼ ਵੀ ਨਹੀਂ ਕਰਦਾ। ਦਿੱਲੀ ਦਰਬਾਰ ਦੇ ਇਸ਼ਾਰਿਆਂ

’ਤੇ ਗੁਰਦੁਆਰਿਆਂ ਨੂੰ ਸਿਆਸੀ ਲੱਠਮਾਰਾਂ ਦੀ ਠਾਹਰ ਬਣਾਉਣ ਲਈ ‘ਪੇਸ਼ੇਵਰ ਗੁੰਡੇ’ ਭਰਤੀ ਕਰ ਕੇ ‘ਟਾਸਕ ਫੋਰਸਾਂ’ ਬਣਾਈਆਂ ਗਈਆਂ ਹਨ।

ਹਰ ਸ਼੍ਰੋਮਣੀ ਕਮੇਟੀ ਮੈਂਬਰ ਨੇ ਆਪਣੇ ਹਲਕੇ ਨੂੰ ਆਪਣੀ ਰਿਆਇਆ ਬਣਾਇਆ ਹੋਇਆ ਹੈ, ਜਿੱਥੇ ਉਹ ਕਦੇ ‘ਧਰਮ ਪ੍ਰਚਾਰ’ ਲਈ ਤਾਂ ਭਾਵੇ ਕਿਤੇ ਵਿਹਲ ਕੱਢ ਸਕੇ ਪਰ ਸ਼ਰਾਬ ਦੀਆਂ ਪੇਟੀਆਂ ਦੀ ਗਿਣਤੀ ਉਸ ਨੇ ਜ਼ਰੂਰ ਮੁਕੱਰਰ ਕੀਤੀ ਹੋਈ ਹੈ ਤੇ ਇਹ ਮਿਥੇ ਸਮੇਂ ’ਤੇ ਗੁਰਦੁਆਰਾ ਮੈਨੇਜਰਾਂ ਕੋਲ ਪਹੁੰਚ ਜਾਂਦੀਆਂ ਹਨ। ਸ਼ਰਾਬ ਦੇ ਸ਼ੌਕੀਨ ਸ਼੍ਰੋਮਣੀ ਕਮੇਟੀ ਮੈਂਬਰ ਸ਼ਬਾਬ ਦੇ ਵੀ ਚੰਗੇ ਸ਼ੌਕੀਨ ਹਨ।

ਸ਼੍ਰੋਮਣੀ ਕਮੇਟੀ ਦੇ ਕੁੱਲ 175 ਮੈਂਬਰਾਂ ’ਚੋਂ ਤਕਰੀਬਨ 150 ਮੈਬਰਾਂ ਦਾ ਮੰਦਾ ਹਾਲ ਹੈ। ਇਨ੍ਹਾਂ ਸਾਰਿਆਂ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ‘ਸਿਆਸੀ ਪੌੜੀਆਂ’ ਚੜ੍ਹਨ ਦਾ ਇੱਕ ਵਸੀਲਾ ਬਣਾਇਆ ਹੋਇਆ ਹੈ ਤੇ ਇਨ੍ਹਾਂ ਦਾ ਧਰਮ ਨਾਲ ਦੂਰ ਦਾ ਵੀ ਵਾਸਤਾ ਨਹੀਂ। ਸਿਤਮ ਇਹ ਹੈ ਕਿ ਟੌਹੜੇ ਦੀ ਮੌਤ ਮਗਰੋਂ ਕਾਰਜਕਾਰੀ ਪ੍ਰਧਾਨ ਬਣਾਏ ਹੋਏ ਅਲਵਿੰਦਰਪਾਲ ਸਿੰਘ ਪੱਖੋਕੇ ਅਤੇ ਸੁੱਚਾ ਸਿੰਘ ਲੰਗਾਹ ਵਰਗੇ ਸ਼੍ਰੋਮਣੀ ਕਮੇਟੀ ਦੇ ਜ਼ਿੰਮੇਵਾਰ ਬੰਦੇ ਵੀ ਹਿੰਦੂਤਵੀਆਂ ਤੇ ‘ਚਰਨ ਪਰਸਣ’ ਨੂੰ ਹੀ ਸਿੱਖੀ ਦੀ ਸੇਵਾ ਸਮਝਦੇ ਹਨ।

ਸ਼੍ਰੋਮਣੀ ਕਮੇਟੀ ’ਤੇ ‘ਮਾਡਰਨ ਮਹੰਤਾਂ’ ਦੇ ਰੂਪ ’ਚ ਕਾਬਜ਼ ਹੋਏ ਮੈਂਬਰਾਂ ਦੀ ਚੋਣ ਦਾ ਪ੍ਰਮੁੱਖ ਕਾਰਣ ਭਾਰਤੀ ਬਹੁਗਿਣਤੀ ਪ੍ਰਬੰਧ ਹੇਠ ਲਾਗੂ ਕੀਤਾ ਗਿਆ ‘ਗੁਰਦੁਆਰਾ ਐਕਟ’ ਹੈ। ਭਾਰਤੀ ਚੋਣ ਪ੍ਰਣਾਲੀ ਕਦੀ ਵੀ ਗੁਰਮਤਿ ਅਨੁਸਾਰੀ ਨਹੀਂ ਹੋ ਸਕਦੀ ਕਿਉਂਕਿ ਗੁਰਮਤਿ ਵਿੱਚ ਤਾਂ ਸਰਬਸੰਮਤੀ ਨਾਲ ਚੋਣ ਕਰਨ ਦੀ ਹੀ ਪਿਰਤ ਹੈ। ਜੇਕਰ ਗੁਰੂ ਨਾਨਕ ਭਾਰਤੀ ਬਹੁਗਿਣਤੀ ਚੋਣ-ਪ੍ਰਣਾਲੀ ਮੁਤਾਬਕ ਭਾਈ ਲਹਿਣੇ ਦੀ ਚੋਣ ਕਰਦੇ ਤਾਂ ਕਦੇ ਵੀ ਸਫ਼ਲ ਨਾ ਹੋ ਸਕਦੇ ਕਿਉਂਕਿ ਬਹੁ-ਗਿਣਤੀ ਲੋਕ ਤਾਂ ਗੁਣਾਂ ਦੇ ਮਾਲਕ ਤੇ ਸਿੱਖ ਲਹਿਰ ਦੇ ਅਗਲੇ ਵਾਰਸ ‘ਲਹਿਣੇ’ ਨੂੰ ਸਮਝ ਹੀ ਨਹੀਂ ਸਕੇ ਸਨ। ਇਸੇ ਤਰ੍ਹਾਂ ਗੁਰੂ ਅਮਰਦਾਸ, ਗੁਰੂ ਰਾਮਦਾਸ, ਗੁਰੂ ਅਰਜਨ ਤੇ ਗੁਰੂ ਹਰਿਗੋਬਿੰਦ ਸਾਹਿਬ ਦੀ ਸਰਬ-ਸੰਮਤੀ ਨਾਲ ਚੋਣ ਹੁੰਦੀ ਰਹੀ ਹੈ।

ਸਿੱਖੀ ਰਵਾਇਤਾਂ ਮੁਤਾਬਕ ਸਿੱਖ ਸੰਗਤਾਂ ਨੇ ਆਪਣੇ ਨੁਮਾਇੰਦੇ ਖ਼ੁਦ ਨਾਮਜ਼ਦ ਕਰਨੇ ਹਨ, ਨਾ ਕਿ ਹੁਣ ਵਾਂਗ ਸਿਆਸੀ ਪਾਰਟੀਆਂ ਦੇ ਠੋਸੇ ਬੰਦਿਆਂ ਨੂੰ ਵੋਟਾਂ ਪਾ ਕੇ ਸੰਤੁਸ਼ਟ ਹੋ ਜਾਣਾ ਹੈ। ਇਸ ‘ਸ਼ਾਰਟਕੱਟ’ ਨੇ ਸਾਡਾ ਜਲੂਸ ਕੱਢ ਕੇ ਰੱਖ ਦਿੱਤਾ ਹੈ। ‘ਸਰਬੱਤ ਖ਼ਾਲਸਿਆਂ’ ਦੇ ਦੌਰ ਵਿੱਚ ਸੰਗਤ ਦੇ ਨੁਮਾਇੰਦੇ ਹੀ ਹਰ ਤਰ੍ਹਾਂ ਦਾ ਪ੍ਰਬੰਧ (ਗੁਰਦੁਆਰਾ ਪ੍ਰਬੰਧ ਸਮੇਤ) ਸੰਭਾਲਦੇ ਰਹੇ ਹਨ। ਪਰ ਹੁਣ ਸਾਡੀ ਅਵੇਸਲਤਾ ਦਾ ਲਾਹਾ ਲੈ ਕੇ ਬਾਦਲਕਿਆਂ ਨੇ ਇਹ ਪ੍ਰਚਾਰਨਾ ਸ਼ੁਰੂ ਕਰ ਦਿੱਤਾ ਹੈ ਕਿ, “ਸ਼੍ਰੋਮਣੀ ਕਮੇਟੀ ਹੀ ਸਰਬੱਤ ਖ਼ਾਲਸਾ ਹੈ”। ਕੀ ਸ਼ਰਾਬਾਂ ਦੇ ਲੰਗਰ ਲਗਾ ਕੇ ਸ਼ਰਾਬੀ ਮੈਂਬਰਾਂ ਦੀ ਚੁਣੀ ਹੋਈ ਸ਼੍ਰੋਮਣੀ ਕਮੇਟੀ ਨੂੰ ‘ਸਰਬੱਤ ਖ਼ਾਲਸਾ’ ਆਖਿਆ ਜਾਂਦਾ ਹੈ ? ‘ਸਰਬੱਤ ਖ਼ਾਲਸਾ’ ਤਾਂ ਇੱਕ ਆਜ਼ਾਦ ਸੰਸਥਾ ਸੀ, ਜਦੋਂ ਕਿ ਸ਼੍ਰੋਮਣੀ ਕਮੇਟੀ ਭਾਰਤੀ ਅਤੇ ਪੰਜਾਬੀ ਹੁਕਮਰਾਨਾਂ ਦੀ ਬੁਰੀ ਤਰ੍ਹਾਂ ਗ਼ੁਲਾਮ ਹੈ। ਇਹ ਸਿੱਖਾਂ ਨੂੰ ਮੂਰਖ ਬਣਾਉਣ ਵਾਲਾ ਸ਼ੋਸ਼ਾ ਹੈ ਜੋ ਹਰ ਵਾਰੀ ਚੋਣਾਂ ਮੌਕੇ ਪ੍ਰਚਾਰ ਦਿੱਤਾ ਜਾਂਦਾ ਹੈ।

## ਕੀਤਾ ਕੀ ਜਾਵੇ ?

- ਗੁਰਦੁਆਰਾ ਪ੍ਰਬੰਧ ’ਚ ਆਏ ਇਨ੍ਹਾਂ ਵਿਗਾੜਾਂ ਦੇ ਹੱਲ ਵਜੋਂ ਕੁਝ ਸਿੱਖ ਵਿਦਵਾਨਾਂ ਨੇ ‘ਆਲ ਇੰਡੀਆ ਗੁਰਦੁਆਰਾ ਐਕਟ’ ਬਣਾਉਣ ਦੀ ਗੱਲ ਕੀਤੀ ਹੈ ਜੋ ਗੁਰਦੁਆਰਾ ਐਕਟ ਦੀ ਮੌਜੂਦਾ ਗ਼ੁਲਾਮੀ ’ਚੋਂ ਬਾਹਰ ਨਿਕਲਣ ਦੀ ਬਜਾਏ ਨਵੀਂ ਅਤੇ ਵੱਡੀ ਗ਼ੁਲਾਮੀ ਸਹੇੜਨ ਵਾਲੀ ਗੱਲ ਹੈ। ਜਦੋਂ ਸਾਡੀ ਸ਼੍ਰੋਮਣੀ ਕਮੇਟੀ ਪੰਜਾਬ ਦੇ ਗੁਰਦੁਆਰੇ ਹੀ ਸਹੀ ਢੰਗ ਨਾਲ ਨਹੀ ਚਲਾ ਸਕਦੀ ਤਾਂ ਸਾਰੇ ਭਾਰਤ ਦੇ ਗੁਰਦੁਆਰੇ ਇਸ ਨੂੰ ਸੌਂਪ ਕੇ ਹੋਰ ਜਲੂਸ ਕਢਵਾਉਣ ਦੀ ਕੀ ਲੋੜ ਏ ? ਮੇਰੇ ਵਿਚਾਰ ਅਨੁਸਾਰ ਮੌਜੂਦਾ ‘ਗੁਰਦੁਆਰਾ ਐਕਟ’ ਗੁਰਮਤਿ ਸਭਾਵਾਂ, ਗ੍ਰੰਥੀ ਸਭਾਵਾਂ, ਸਿੱਖ ਜਥੇਬੰਦੀਆਂ ਤੇ ਸੰਸਥਾਵਾਂ ਆਦਿ ਦੇ ਹਵਾਲੇ ਕਰ ਦਿੱਤਾ ਜਾਵੇ, ਜੋ ਸਿੱਖੀ ਰਵਾਇਤਾਂ ਅਨੁਸਾਰ ਇਸ ਵਿੱਚ ਸੋਧ ਕਰਨ ਅਤੇ ਇਨ੍ਹਾਂ ਦੀ ਕੀਤੀ ਸੋਧ ਉੱਪਰ ਹੀ ਸਰਕਾਰ ਮੋਹਰ ਲਾਉਣ ਦੀ ਪਾਬੰਦ ਹੋਵੇ। ਸਿੱਖਾਂ ਦੇ ਗੁਰਦੁਆਰਿਆਂ ’ਚ ਸਰਕਾਰ ਦਾ ਵਿੰਗਾ-ਟੇਢਾ ਕਿਸੇ ਕਿਸਮ ਦਾ ਕੋਈ ਦਖ਼ਲ ਨਾ ਹੋਵੇ। ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਤੋਂ ਸ਼੍ਰੋਮਣੀ ਕਮੇਟੀ ਦੇ ਗਠਨ ਦਾ ਐਲਾਨ ਕਰਨ ਅਤੇ ਚੋਣ ਪ੍ਰਕਿਰਿਆ ਵਿੱਚ ਸ਼ਾਮਲ ਹੋਣ ਦੇ ਅਧਿਕਾਰ ਵਾਪਸ ਲਏ ਜਾਣ, ਜੋ ਹੁਣ ਉਸ ਦੇ ਕੋਲ ਹਨ।
- ਹਰ ਸਾਲ ‘ਸਰਬੱਤ ਖ਼ਾਲਸਾ’ ਦੀ ਤਰਜ਼ ਉੱਤੇ ਸਾਰੇ ਸਿੱਖਾਂ ਦਾ ਪ੍ਰਤੀਨਿਧ ਇਕੱਠ ਜ਼ਰੂਰ ਸੱਦਿਆ ਜਾਵੇ, ਜਿਸ ਵਿੱਚ ਸਿੱਖ ਮਸਲਿਆਂ ਉੱਤੇ ਖੁੱਲ੍ਹ ਕੇ ਵਿਚਾਰਾਂ ਹੋਣ। ਇਹ ਇਕੱਠ ਕੋਈ

ਵੀ ਸਰਬ-ਸਾਂਝਾ ਵਿਅਕਤੀ ਕਿਤੇ ਵੀ ਸੱਦ ਸਕਦਾ ਹੈ। ਇਸ ਨਾਲ ਬਾਦਲਕਿਆਂ ਦੀ ਪ੍ਰਚਾਰੀ ਹੋਈ "ਸ਼੍ਰੋਮਣੀ ਕਮੇਟੀ ਹੀ ਸਰਬੱਤ ਖ਼ਾਲਸਾ ਹੈ" ਦੀ ਬੇਤੁਕੀ ਧਾਰਨਾ ਖ਼ੁਦ-ਬ-ਖ਼ੁਦ ਰੱਦ ਹੋ ਜਾਵੇਗੀ। ਇਸ ਇਕੱਠ ਵੱਲੋਂ ਪਾਸ ਕੀਤੇ ਗੁਰਮਤੇ ਸਰਬੱਤ ਸੰਗਤ ਉੱਤੇ ਲਾਗੂ ਕਰਵਾਉਣ ਲਈ ਕਾਨੂੰਨੀ ਆਸਰਾ ਵੀ ਲਿਆ ਜਾਵੇ ਤੇ ਇਹ ਸ਼੍ਰੋਮਣੀ ਕਮੇਟੀ ਉੱਤੇ ਵੀ ਲਾਗੂ ਹੋਣ। ਜਿਹੜਾਂ ਵੀ ਸਿੱਖ ਜਾਂ ਸਿੱਖ ਸੰਸਥਾ ਇਨ੍ਹਾਂ ਗੁਰਮਤਿਆਂ ਨੂੰ ਲਾਗੂ ਕਰਨ ਤੋ ਆਨਾਕਾਨੀ ਕਰੇ, ਉਨ੍ਹਾਂ ਨੂੰ ਯੋਗ ਸਜ਼ਾ ਦਾ ਪ੍ਰਬੰਧ ਹੋਵੇ।

- ਹਰ ਸ਼੍ਰੋਮਣੀ ਕਮੇਟੀ ਹਲਕੇ ਦੀਆਂ ਸਿੰਘ ਸਭਾਵਾਂ, ਗੰ੍ਰਥੀ ਸਭਾਵਾਂ, ਸਿੱਖ ਸੰਸਥਾਵਾਂ, ਸੰਗਤ ਦੇ ਸਹਿਯੋਗ ਨਾਲ (ਜਿਸ ਵਿੱਚ ਘੱਟੋ-ਘੱਟ 10,000 ਸਿੱਖ ਜ਼ਰੂਰ ਹੋਣ) ਸ਼੍ਰੋਮਣੀ ਕਮੇਟੀ ਲਈ ਨੁਮਾਇੰਦੇ ਨਿਯੁਕਤ ਕਰਨ। ਸ਼੍ਰੋਮਣੀ ਕਮੇਟੀ ਲਈ ਨੁਮਾਇੰਦੇ ਦੀ ਚੋਣ ਗੁਣਾਂ ਦੇ ਅਧਾਰ 'ਤੇ ਕੀਤੀ ਜਾਵੇ ਅਤੇ ਇਹ ਯਕੀਨੀ ਬਣਾਇਆ ਜਾਵੇ ਕਿ ਕੋਈ ਵੀ ਵਿਅਕਤੀ ਦੋ ਵਾਰ ਤੋਂ ਵੱਧ ਸ਼੍ਰੋਮਣੀ ਕਮੇਟੀ ਦਾ ਮੈਂਬਰ ਨਾ ਬਣ ਸਕੇ।
- ਵਿਦੇਸ਼ੀ ਸਿੱਖਾਂ ਨੂੰ ਵੀ ਸ਼੍ਰੋਮਣੀ ਕਮੇਟੀ 'ਚ ਪ੍ਰਤੀਨਿਧਤਾ ਜ਼ਰੂਰ ਦਿੱਤੀ ਜਾਵੇ। ਵਿਦੇਸ਼ੀ ਨੁਮਾਇੰਦੇ ਵੀ ਗੁਣਾਂ ਦੇ ਅਧਾਰ 'ਤੇ ਸਰਬ-ਸੰਮਤ ਪ੍ਰਬੰਧ ਨਾਲ ਹੀ ਚੁਣੇ ਜਾਣ, ਡਾਲਰਾਂ-ਪੌਂਡਾਂ ਦੀ ਸੇਵਾ ਵੇਖ ਕੇ ਨਹੀਂ। ਵਿਦੇਸ਼ੀ ਸਿੱਖ ਸੰਗਤਾਂ ਸਥਾਨਕ ਪੱਧਰ ਉੱਤੇ ਵਧੀਆ ਪ੍ਰਬੰਧ ਚਲਾ ਸਕਦੀਆਂ ਹਨ। ਇਸ ਲਈ ਸਥਾਨਕ ਗੁਰਦੁਆਰਾ ਕਮੇਟੀਆਂ ਬਣਾ ਕੇ ਸਬੰਧਤ ਦੇਸ਼ ਦੇ ਕਾਨੂੰਨ ਮੁਤਾਬਕ ਰਜਿਸਟਰਡ ਕਰਵਾਈਆਂ ਜਾਣ।
- ਸ਼੍ਰੋਮਣੀ ਕਮੇਟੀ ਮੈਂਬਰ ਬਣਨ ਵਾਲੇ ਵਿਅਕਤੀ ਤੋਂ ਇਹ ਪ੍ਰਣ-ਪੱਤਰ ਜ਼ਰੂਰ ਲਿਆ ਜਾਵੇ ਕਿ ਉਹ ਗੁਰਦੁਆਰੇ ਨੂੰ ਸਿਆਸਤ ਚਲਾਉਣ ਲਈ ਨਹੀਂ ਵਰਤੇਗਾ ਤੇ ਜੇ ਉਸ ਨੇ ਭਵਿੱਖ 'ਚ ਸਿਆਸਤ ਚ ਜਾਣਾ ਹੋਵੇ ਤਾਂ ਸ਼੍ਰੋਮਣੀ ਕਮੇਟੀ ਦੀ ਮੈਂਬਰੀ ਤੋਂ ਅਸਤੀਫ਼ਾ ਦੇ ਕੇ ਜਾਵੇਗਾ।
- ਸ਼੍ਰੋਮਣੀ ਕਮੇਟੀ ਦੇ ਬਜਟ ਦਾ 90 ਫ਼ੀਸਦੀ ਹਿੱਸਾ 'ਧਰਮ ਪ੍ਰਚਾਰ' ਅਤੇ ਸਮਾਜ ਭਲਾਈ ਦੇ ਕੰਮਾਂ ਲਈ ਖਰਚ ਕੀਤਾ ਜਾਵੇ। ਬਾਕੀ 10 ਫ਼ੀਸਦੀ ਐਮਰਜੈਂਸੀ ਵਾਸਤੇ ਰਾਖਵਾਂ ਰੱਖ ਲਿਆ ਜਾਵੇ। 'ਧਰਮ ਪ੍ਰਚਾਰ' ਲਈ ਆਧੁਨਿਕ ਸੰਚਾਰ-ਸਾਧਨਾਂ (ਟੀ.ਵੀ. ਚੈਨਲਾਂ, ਰੇਡੀਉ, ਕੰਪਿਊਟਰ, ਇੰਟਰਨੈਟ) ਦੀ ਭਰਪੂਰ ਵਰਤੋਂ ਕੀਤੀ ਜਾਵੇ ਅਤੇ ਸਿੱਖ ਵਿੱਦਿਅਕ ਅਦਾਰੇ ਤੇ ਖੇਲ੍ਹ ਅਖਾੜੇ ਖੋਲ੍ਹਣ 'ਤੇ ਵਿਸ਼ੇਸ਼ ਜ਼ੋਰ ਦਿੱਤਾ ਜਾਵੇ। ਗੁਰਦੁਆਰਿਆਂ 'ਚੋਂ ਹਰ ਤਰ੍ਹਾਂ ਦੀਆਂ ਮਨਮਤਾਂ ਬੰਦ ਕੀਤੀਆਂ ਜਾਣ। ਦੇਗ ਕਰਾਉਣ ਤੇ ਅਖੰਡ ਪਾਠ ਕਰਾਉਣ ਦਾ ਪਾਖੰਡ ਵੀ ਬੰਦ ਕੀਤਾ ਜਾਵੇ (ਯਾਦ ਰਹੇ ਦੇਗ ਕਰਾ ਕੇ ਗੁਰੂ-ਹਜ਼ੂਰ ਭੇਟ ਕਰਨ ਦੀ ਰੀਤ ਗੁਰੂ ਸਾਹਿਬਾਨ ਵੇਲੇ ਚੱਲਦੀ ਸੀ। ਪਹਿਲਾਂ ਦੇਗ ਗੁਰੂ ਜੀ ਤੋਂ ਪ੍ਰਵਾਨ ਕਰਾਈ ਜਾਂਦੀ ਸੀ ਤੇ ਫੇਰ ਸੰਗਤ 'ਚ ਵਰਤਾਈ ਜਾਂਦੀ ਸੀ। ਜਦਕਿ ਹੁਣ ਗੁਰੂ ਗ੍ਰੰਥ ਸਾਹਿਬ ਨੂੰ ਗੁਰਗੱਦੀ ਮਿਲੀ ਹੋਣ ਦੇ ਬਾਵਜੂਦ ਵੀ ਦੇਗ ਕਰਾ ਕੇ ਲਿਜਾਣ ਦਾ ਭਰਮ ਤੁਰਿਆ ਆ ਰਿਹਾ ਹੈ ਤੇ ਸ਼੍ਰੋਮਣੀ ਕਮੇਟੀ ਵਾਲਿਆਂ ਨੇ ਦੇਗ ਕਰਾਉਣ ਦੀ ਭੇਟਾ ਰੱਖ ਕੇ ਇਸ ਨੂੰ ਦੁਕਾਨਦਾਰੀ 'ਚ ਬਦਲ ਲਿਆ ਹੈ। ਇਹੀ ਹਾਲ ਅਖੰਡ ਪਾਠਾਂ ਦਾ ਹੈ— ਉਹ ਵੀ ਦੁਕਾਨਦਾਰੀ ਦਾ ਰੂਪ ਧਾਰ ਗਏ ਹਨ। ਹੁਣ ਅਖੰਡ ਪਾਠ ਇੰਟਰਨੈਟ ਤੇ ਬੁੱਕ ਹੁੰਦੇ ਹਨ ਤੇ ਈ-ਮੇਲ ਰਾਹੀ ਹੁਕਮਨਾਮਾ ਭੇਜਣ ਦਾ ਸਿਲਸਿਲਾ ਤੁਰ ਪਿਆ ਹੈ)।

ਅਜੋਕੇ ਭ੍ਰਿਸ਼ਟ ਹੋਏ ਗੁਰਦੁਆਰਾ ਪ੍ਰਬੰਧ 'ਚੋਂ ਮਾਡਰਨ ਮਹੰਤਾਂ ਨੂੰ ਬਾਹਰ ਕੱਢਣ ਲਈ ਉਪਰੋਕਤ ਉਪਰਾਲਿਆਂ ਦੀ ਸਖ਼ਤ ਲੋੜ ਹੈ। ਜਿੰਨੀ ਦੇਰ ਸਾਡਾ ਗੁਰਦੁਆਰਾ ਪ੍ਰਬੰਧ ਗੁਰਮਤਿ ਦੀਆਂ ਲੀਹਾਂ 'ਤੇ ਨਹੀਂ ਤੁਰਦਾ, ਸਿੱਖ ਕੌਮ ਦੀ ਚੜ੍ਹਦੀ ਕਲਾ ਹੋਣੀ ਬਹੁਤ ਮੁਸ਼ਕਿਲ ਹੈ। ਆਓ, ਗੁਰਦੁਆਰਾ ਪ੍ਰਬੰਧ ਉੱਤੇ ਭਾਰਤੀ ਹੁਕਮਰਾਨਾਂ ਦੀ ਬਦੌਲਤ ਕਾਬਜ਼ ਹੋ ਚੁੱਕੇ ਮਾਡਰਨ ਮਹੰਤਾਂ ਨੂੰ ਘੜੀਸ ਕੇ ਲਾਂਭੇ ਕਰਨ ਹਿਤ ਲਹਿਰ ਉਭਾਰਨ ਲਈ ਕਮਰਕੱਸੇ ਕਰੀਏ।

ooooo

## ਵਿਸ਼ਵ ਦੇ ਉੱਚਤਮ ਸਰਬ-ਧਰਮ ਫੋਰਮ ਨੇ ਬਾਰਸੀਲੋਨਾ ਵਿਖੇ ਗੁਰੂ ਗ੍ਰੰਥ ਸਾਹਿਬ ਦਾ 400 ਸਾਲਾ ਪ੍ਰਕਾਸ਼ ਦਿਹਾੜਾ ਮਨਾਇਆ।

(ਡਾ. ਭਾਈ ਹਰਬੰਸ ਲਾਲ ਦੀ ਪੰਜਾਬ ਰੇਡੀਉ, ਲੰਦਨ ਨਾਲ ਹੋਈ ਵਾਰਤਾਲਾਪ ਦੀ ਰਿਪੋਰਟ)

ਅਧਿਆਤਮਕ ਚਿੰਤਕਾਂ ਅਤੇ ਜਾਗਰੂਕ ਲੋਕਾਂ ਦੇ ਇੱਕ ਲਾਜਵਾਬ ਅਤੇ ਪ੍ਰਭਾਵਸ਼ਾਲੀ ਸੰਮੇਲਨ ਵੱਲੋਂ ਸੰਸਾਰ ਦੇ ਸੁੰਦਰ ਸ਼ਹਿਰਾਂ ਵਿੱਚ ਗਿਣੇ ਜਾਂਦੇ ਸਪੇਨ ਦੇ ਸ਼ਹਿਰ ਬਾਰਸੀਲੋਨਾ ਵਿੱਚ, ਸਿੱਖਾਂ ਦੇ ਜੁਗੋ-ਜੁਗ ਅਟੱਲ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਹਿਲੇ ਪ੍ਰਕਾਸ਼ ਦੀ 400 ਸਾਲਾ ਸ਼ਤਾਬਦੀ ਮਨਾਈ ਗਈ। ਬਰਸੀਲੋਨਾ ਸ਼ਹਿਰ ਸੈਲਾਨੀਆਂ ਦੀ ਖਿੱਚ ਦਾ ਕੇਂਦਰ ਮੰਨਿਆ ਜਾਂਦਾ ਹੈ, ਜਿੱਥੇ ਕੈਟੇਲੋਨੀਆ ਪ੍ਰਾਂਤ

ਦੀ ਸਰਕਾਰ ਨੇ ਵਿਸ਼ਵ-ਸੱਭਿਆਚਾਰਾਂ ਦੀ ਆਲਮੀ ਫੋਰਮ ਦੀ ਮੇਜ਼ਬਾਨੀ ਲਈ ਯੁਨੈਸਕੋ (UNESCO) ਦਾ ਕੇਂਦਰ ਸਥਾਪਤ ਕੀਤਾ ਹੋਇਆ ਹੈ। ਵਿਸ਼ਵ-ਧਰਮਾਂ ਦੀ ਪਾਰਲਾਮੈਂਟ ਨੇ 2004 ਦੀ ਇਕੱਤਰਤਾ ਲਈ ਇਸ ਜਗ੍ਹਾ ਦੀ ਚੋਣ ਕੀਤੀ। ਪਿਛਲੀ ਇਕੱਤਰਤਾ ਦੱਖਣੀ ਅਮਰੀਕਾ ਦੇ ਸ਼ਹਿਰ ਕੇਪ ਟਾਊਨ ਵਿੱਚ ਹੋਈ ਸੀ।

ਅਚੰਭਤ ਕਰ ਦੇਣ ਵਾਲੇ ਲਿਸ਼ਕਾਰੇ ਮਾਰਦੇ ਮਹਾਂਸਾਗਰ ਦੇ ਸਾਹਮਣੇ ਸਿੱਖ ਕੌਮ ਦੇ 100 ਤੋਂ ਵੱਧ ਬੁੱਧੀਜੀਵੀ 75 ਦੇਸ਼ਾਂ ਤੋਂ ਆਏ ਸੈਂਕੜੇ ਤੋਂ ਵੱਧ ਰੂਹਾਨੀ ਅਤੇ ਧਾਰਮਕ ਪ੍ਰੰਪਰਾਵਾਂ ਦੀ ਨੁਮਾਇੰਦਗੀ ਕਰ ਰਹੇ 8000 ਹੋਰ ਡੈਲੀਗੇਟਾਂ ਦੇ ਰੂਬਰੂ ਹੋਏ। ਸੈਂਕੜੇ ਹੋਰ ਸਿੱਖ ਸ਼ਰਧਾਲੂ ਵੀ ਇਸ ਸੰਮੇਲਨ ਵਿੱਚ ਆਪਣਾ ਉਤਸ਼ਾਹ ਅਤੇ ਸ਼ਰਧਾ ਪ੍ਰਗਟਾਉਣ ਅਤੇ ਸੰਸਾਰ ਪੱਧਰ 'ਤੇ ਆਪਣੀ ਜਾਣ-ਪਛਾਣ ਕਰਵਾਉਣ ਲਈ ਹੁੰਮ-ਹੁੰਮਾ ਕੇ ਪੁੱਜੇ। ਉਹਨਾਂ ਦੀ ਗਿਣਤੀ ਰਿਕਾਰਡ ਤੋੜ ਸੀ ਅਤੇ ਉਹਨਾਂ ਅਨੇਕਾਂ ਪ੍ਰਭਾਵਸ਼ਾਲੀ ਪ੍ਰੋਗਰਾਮ ਅਤੇ ਵਿਚਾਰ ਪੇਸ਼ ਕੀਤੇ।

ਪਾਰਲਾਮੈਂਟ ਦਾ ਇਕੱਠ 6-14 ਮਈ 2004 ਤੱਕ ਬਰਸੀਲੋਨਾ ਵਿਖੇ ਰੂਹਾਨੀਅਤ ਦੀਆਂ ਹੋਰ ਡੂੰਘਾਈਆਂ ਜਾਣਨ ਅਤੇ ਉੱਭਰ ਰਹੇ ਨਵੇਂ ਸੰਸਾਰਕ ਮਾਹੌਲ ਵਿੱਚ ਧਰਮਾਂ ਦੀ ਅਨੇਕਤਾ ਸਬੰਧੀ ਸੋਝੀ ਅਪਨਾਉਣ ਅਤੇ ਸਤਿਕਾਰ-ਭਾਵਨਾ ਨੂੰ ਉਤਸ਼ਾਹਿਤ ਕਰਨ ਲਈ ਹੋਇਆ। ਸਿੱਖ ਸੰਗਤਾਂ ਨੇ ਇਸ ਮੌਕੇ ਨੂੰ ਸੰਸਾਰ ਦੀਆਂ ਕੌਮਾਂ ਅੰਦਰ ਆਪਣੀ ਸਤਿਕਾਰਯੋਗ ਜਗ੍ਹਾ ਨਿਸ਼ਚਿਤ ਕਰਨ ਲਈ ਵਰਤਿਆ। ਪਹਿਲਾਂ ਕੇਪ-ਟਾਊਨ ਅਤੇ ਸ਼ਿਕਾਗੋ ਵਿੱਚ ਹੋਏ ਪਿਛਲੇ ਪਾਰਲਾਮੈਂਟ ਇਕੱਠਾਂ ਅਤੇ 2000 ਵਿੱਚ ਨਿਊਯਾਰਕ ਵਿੱਚ ਵਿਸ਼ਵ ਦੇ ਧਾਰਮਕ ਲੀਡਰਾਂ ਦੇ ਸੰਯੁਕਤ ਰਾਸ਼ਟਰ ਸਿਖ਼ਰ-ਸੰਮੇਲਨ ਵਿੱਚ ਸਿੱਖਾਂ ਦੀ ਹਿੱਸੇਦਾਰੀ ਵੀ ਠੋਸ ਅਗਾਂਹਵਧੂ ਕਦਮ ਸੀ।

ਵਿਸ਼ਵ-ਧਰਮਾਂ ਦੀ ਸੰਸਦ ਦੇ ਆਯੋਜਕਾਂ ਵਿੱਚ ਸਿੱਖਾਂ ਦੀ ਵੱਡੀ ਹਿੱਸੇਦਾਰੀ ਸੀ। ਗੁਰੂ ਨਾਨਕ ਨਿਸ਼ਕਾਮ ਜੱਥਾ, ਬਰਮਿੰਘਮ (ਇੰਗਲੈਂਡ), ਭਾਈ ਮਹਿੰਦਰ ਸਿੰਘ ਦੀ ਯੋਗ ਅਗਵਾਈ ਹੇਠ ਸੰਸਦ ਦਾ ਮੁੱਖ ਹਿੱਸੇਦਾਰ ਅਤੇ ਸਹਿਯੋਗੀ ਸੀ। ਡਾ. ਬਲਵੰਤ ਸਿੰਘ ਹੰਸਰਾ ਬੋਰਡ ਆਫ਼ ਟ੍ਰਸਟੀਜ਼ ਦੇ ਮੈਂਬਰ ਵਜੋਂ ਵਿਸ਼ਵ-ਧਰਮ-ਸੰਸਦ (ਸ਼ਿਕਾਗੋ) ਦੀ ਕੌਂਸਲ ਦੇ ਪ੍ਰਬੰਧਕ ਸਨ। ਰਜਿੰਦਰ ਸਿੰਘ ਮਾਗੋ ਕੌਂਸਲ ਦੀ ਕਾਰਜਕਾਰਨੀ ਦੇ ਮੈਂਬਰ ਸਨ। ਕਈ ਸਿੱਖ ਵੱਖ-ਵੱਖ ਯੋਜਨਾ ਕਮੇਟੀਆਂ ਦੇ ਮੈਂਬਰ ਸਨ। ਸਿੱਖਾਂ ਨੇ ਪਾਰਲਾਮੈਂਟ ਤੋਂ ਪਹਿਲਾਂ ਨਵੀਂ ਦਿੱਲੀ, ਵੈਨਕੂਵਰ, ਸ਼ਿਕਾਗੋ ਤੇ ਡੱਲਾਸ ਵਿੱਚ ਵੀ ਮੀਟਿੰਗਾਂ ਦੇ ਆਯੋਜਨ ਲਈ ਸਰਗਰਮ ਭੂਮਿਕਾ ਨਿਭਾਈ। ਬਾਰਸੀਲੋਨਾ ਦੀ ਸਥਾਨਕ ਸਿੱਖ ਸੰਗਤ ਨੇ, ਪਾਰਲਾਮੈਂਟ ਦੇ ਆਯੋਜਕਾਂ ਦੀ ਇਕੱਠ ਨੂੰ ਨੇਪਰੇ ਚੜ੍ਹਾਉਣ ਵਿੱਚ ਮਦਦ ਕਰਨ ਹਿਤ, ਬੇਸ਼ੁਮਾਰ ਯੋਜਨਾਵਾਂ ਵਿੱਚ ਸਹਿਯੋਗ ਦੇਣ ਲਈ ਕਈ ਮਹੀਨੇ ਮਿਹਨਤ ਕੀਤੀ।

ਸੰਸਦ ਦੀ ਮੀਟਿੰਗ ਵਿੱਚ ਵੀ ਸਿੱਖਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਸੁਭਾਇਮਾਨ ਰੂਹਾਨੀ ਵਿਰਸੇ ਅਨੁਸਾਰ ਬਹੁ-ਦਿਸ਼ਾਵੀ ਸਮਾਰੋਹ ਵਿੱਚ ਹਿੱਸਾ ਲਿਆ। ਉਹਨਾਂ ਨੇ ਸਿੱਖਾਂ ਨੂੰ ਸਿੱਖ ਸੰਸਥਾਵਾਂ ਦੇ ਅੰਦਰੋਂ ਤੇ ਬਾਹਰੋਂ ਦਰਪੇਸ਼ ਚੁਣੌਤੀਆਂ ਸਬੰਧੀ ਅਜਿਹੇ ਹੀ ਵਿਸ਼ਾਲ ਵਿਚਾਰ-ਵਟਾਂਦਰੇ ਵਿੱਚ ਹਿੱਸਾ ਲਿਆ। ਸਿੱਖ ਵਿਦਵਾਨਾਂ ਅਤੇ ਕਲਾਕਾਰਾਂ ਨੇ 41 ਵੱਖ-ਵੱਖ ਪ੍ਰੋਗਰਾਮਾਂ ਵਿੱਚ ਹਿੱਸਾ ਲਿਆ ਅਤੇ 65 ਵਿਆਖਿਆਨ ਪੇਸ਼ ਕੀਤੇ।

ਇਸ ਮੌਕੇ ਕੀਰਤਨ ਰਾਹੀਂ ਇੱਕ ਦਰਜਨ ਤੋਂ ਵੱਧ ਪਵਿੱਤਰ ਗੁਰੂ-ਸ਼ਬਦਾਂ ਦਾ ਗਾਇਣ ਕੀਤਾ ਗਿਆ, ਸਿੱਖ ਇਤਿਹਾਸ ਅਤੇ ਸਿੱਖ ਅਕੀਦਿਆਂ ਨੂੰ ਪੇਸ਼ ਕਰਦੀਆਂ ਕਈ ਨੁਮਾਇਸ਼ਾਂ ਲਾਈਆਂ ਗਈਆਂ ਅਤੇ ਸਭ ਤੋਂ ਵੱਧ ਰੌਚਕ ਗੱਲ ਇਹ ਕਿ ਸੰਸਦ ਦੇ ਸੰਮੇਲਨ-ਸਥਾਨ ਵਿਖੇ ਹੀ ਸਿੱਖਾਂ ਨੇ ਸੁਨਹਿਰੀ ਅੰਮ੍ਰਿਤਸਰ ਸ਼ਹਿਰ ਵਿੱਚ ਬਣੇ ਹਰਿਮੰਦਰ ਸਾਹਿਬ ਦਾ ਬਹੁਤ ਵੱਡਾ ਮਾਡਲ ਸਥਾਪਤ ਕੀਤਾ। ਬਰਸੀਲੋਨਾ ਵਿੱਚ ਸਿੱਖਾਂ ਦੀ ਹਾਜ਼ਰੀ ਏਨੀਂ ਪ੍ਰਭਾਵਸ਼ਾਲੀ ਸੀ ਕਿ ਸਥਾਨਕ ਸਮਾਚਾਰ-ਪੱਤਰਾਂ ਨੇ ਇਸ ਸੰਮੇਲਨ ਨੂੰ ਸਿੱਖਾਂ ਦੀ ਸੰਸਦ ਬਿਆਨਿਆ। ਅਸਲ ਵਿੱਚ ਇਹ ਰਿਪੋਰਟਰ ਸਮੁੰਦਰ ਕੰਢੇ ਜੁੜੀ ਸੰਸਦ ਦੀ ਰਿਪੋਰਟਿੰਗ ਕਰ ਰਿਹਾ ਹੈ ਜਿੱਥੇ ਕਿ ਮਨੁੱਖੀ ਜੀਵਨ ਅਤੇ ਧਰਤੀ ਦੇ ਵਿਕਾਸ ਨੂੰ ਦਰਸਾਉਂਦੀ ਪ੍ਰਦਰਸ਼ਨੀ ਸੀ ਅਤੇ ਇੱਕ ਪਾਸੇ ਅਰਦਾਸ, ਸਿਮਰਨ ਅਤੇ ਚਿੰਤਨ ਵਾਸਤੇ ਗੁਰਦੁਆਰਾ-ਅਸਥਾਨ ਬਣਾਇਆ ਗਿਆ ਸੀ।

ਹਾਲਾਂਕਿ ਗੁਰੂ ਗ੍ਰੰਥ ਸਾਹਿਬ ਸਬੰਧੀ ਸਮਾਗਮ ਬਾਕੀ ਸਾਰੇ ਪ੍ਰੋਗਰਾਮਾਂ ਵਿੱਚ ਵੀ ਸ਼ਾਮਲ ਸਨ, ਸਮੁੰਦਰ ਕੰਢੇ ਜੁੜੀ ਪਾਰਲਾਮੈਂਟ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਹਿਲੇ ਪ੍ਰਕਾਸ਼ ਦੀ ਚਾਰ ਸੌ ਸਾਲਾ ਸ਼ਤਾਬਦੀ ਸਮਾਰੋਹ ਲਈ ਪ੍ਰਮੁੱਖ ਸਥਾਨ ਸੀ। ਇਸ ਧਰਮ-ਗ੍ਰੰਥ ਨੂੰ ਬਾਅਦ ਵਿੱਚ ਸੰਪੂਰਨ ਕਰ ਕੇ 1708 ਵਿੱਚ ਮਰਯਾਦਾ ਪੂਰਵਕ ਜੁਗੋ-ਜੁਗ ਅਟੱਲ ਗੁਰੂ ਦਾ ਦਰਜਾ ਦਿੱਤਾ ਗਿਆ ਸੀ। ਸਿੱਖ ਹੁਣ 2008 ਵਿੱਚ ਮਨਾਈ ਜਾਣ ਵਾਲੀ ਗੁਰ-ਗੱਦੀ ਦਿਵਸ ਦੀ ਤਿੰਨ ਸੌ ਸਾਲਾ ਸ਼ਤਾਬਦੀ ਦੀਆਂ ਤਿਆਰੀਆਂ ਵਿੱਚ ਜੁਟ ਗਏ ਹਨ।

ਸਾਗਰ ਕਿਨਾਰੇ ਰੋਜ਼ਾਨਾ ਸਿਮਰਨ ਅਤੇ ਪਵਿੱਤਰ ਸ਼ਬਦਾਂ ਦਾ ਕੀਰਤਨ ਕੀਤਾ ਜਾਂਦਾ ਸੀ। ਗੁਰੂ ਕਾ ਲੰਗਰ ਹਰ ਰੋਜ਼ 5000 ਤੋਂ ਵੱਧ ਹਾਜ਼ਰ ਸੰਗਤ ਨੂੰ ਵਰਤਾਇਆ ਜਾਂਦਾ ਰਿਹਾ। ਗੁਰੂ ਨਾਨਕ ਸਾਹਿਬ ਵੱਲੋਂ ਹੋਰ ਧਰਮਾਂ ਦੇ ਭੁੱਖੇ ਸਾਧੂਆਂ ਨੂੰ ਰੋਟੀ ਖਵਾ ਕੇ ਆਰੰਭੀ ਪ੍ਰੰਪਰਾ ਨੂੰ ਨਿਭਾਉਂਦਿਆਂ, ਸੰਸਦ 'ਚ ਸ਼ਾਮਲ ਸਿੱਖਾਂ ਨੇ ਹੋਰਨਾਂ ਧਰਮਾਂ ਦੇ ਸ਼ਾਮਲ ਪ੍ਰਤੀਨਿਧੀਆਂ ਦੇ ਦਿਲਾਂ ਨੂੰ ਸੱਚਮੁੱਚ ਟੁੰਬ ਲਿਆ। ਇੱਥੇ ਉਹਨਾਂ ਵਿਸ਼ਵ ਦੇ ਵੱਖ-ਵੱਖ ਧਰਮਾਂ ਦੇ ਆਗੂਆਂ ਸਵਾਗਤ ਅਤੇ ਸਨਮਾਨ ਕੀਤਾ। ਇਹਨਾਂ ਆਗੂਆਂ ਨੂੰ ਸਿੱਖ ਮੇਜ਼ਬਾਨ ਮੈਂਬਰਾਂ ਨਾਲ ਵਿਚਾਰਾਂ ਸਾਂਝੀਆਂ ਕਰਨ ਅਤੇ ਮੇਲ-ਜੋਲ ਵਧਾਉਣ ਲਈ ਸੱਦਾ ਦਿੱਤਾ ਗਿਆ। ਨੁਮਾਇਸ਼ਾਂ, ਚਿੱਤਰਾਂ ਰਾਹੀਂ ਅਤੇ ਮੁਫ਼ਤ ਸਿੱਖ ਸਾਹਿਤ ਵੰਡ ਕੇ ਸਿੱਖ ਧਰਮ ਸਬੰਧੀ ਜਾਣਕਾਰੀ ਨੂੰ ਪ੍ਰਚਾਰਿਆ ਗਿਆ।

ਜਦੋਂ ਕਿ ਬਹੁਤ ਸਾਰੀਆਂ ਜਥੇਬੰਦੀਆਂ ਨੇ ਸਿੱਖ ਵਿਦਵਾਨਾਂ ਨੂੰ ਆਪਣੇ ਵਿਚਾਰ ਪ੍ਰਗਟਾਉਣ ਲਈ ਸੱਦਿਆ ਹੋਇਆ ਸੀ, ਸਮੁੰਦਰ ਕਿਨਾਰੇ ਦੀ ਪਾਰਲਾਮੈਂਟ ਨੇ ਇਸ ਸਮਾਰੋਹ ਮੌਕੇ ਸਿੱਖਾਂ ਵੱਲੋਂ ਆਪਣਾ ਸੁਨੇਹਾ ਪ੍ਰਚਾਰਨ ਲਈ ਕਈ ਗੋਸ਼ਟੀਆਂ ਆਯੋਜਿਤ ਕੀਤੀਆਂ। ਸਿੱਖਾਂ ਵੱਲੋਂ ਪੇਸ਼ ਕੀਤੇ ਗਏ ਸਮੁੱਚੇ ਵਿਚਾਰਾਂ ਦੇ ਜ਼ਿਕਰ ਲਈ ਥਾਂ ਦੀ ਥੁੜ ਹੈ। ਸਮੁੱਚੇ ਸਾਹਿਤ ਵਿੱਚੋਂ ਬਹੁਤਿਆਂ ਲੇਖਾਂ ਨੂੰ ਵੱਖਰੇ ਤੌਰ 'ਤੇ ਪ੍ਰਕਾਸ਼ਤ ਕਰਨ ਦੀ ਵਿਉਂਤ ਬਣਾਈ ਗਈ ਹੈ। ਇੱਥੇ ਮੈਂ ਕੁਝ ਮੁੱਖ-ਅੰਸ਼ਾਂ ਦਾ ਮਿਸਾਲ ਵਜੋਂ ਜ਼ਿਕਰ ਕਰਾਂਗਾ।

ਇਸ ਮੌਕੇ ਇੱਕ ਗੋਸ਼ਟੀ 'ਗੁਰੂ ਗ੍ਰੰਥ ਸਾਹਿਬ: ਸਰਬ-ਸਾਂਝੇ ਗ੍ਰੰਥ ਦਾ ਚਾਰ ਸੌ ਸਾਲਾ ਉਤਸਵ' ਦੇ ਵਿਸ਼ੇ 'ਤੇ ਕਰਵਾਈ ਗਈ। ਗੁਰੂ ਗ੍ਰੰਥ ਸਾਹਿਬ ਸਬੰਧੀ ਹੋਰ ਗੋਸ਼ਟੀਆਂ ਸਨ:- 'ਗੁਰੂ ਗ੍ਰੰਥ ਸਾਹਿਬ: ਧਾਰਮਕ ਸਹਿਹੋਂਦ, ਬਰਾਬਰੀ, ਸਮਾਜਕ ਤੇ ਆਰਥਕ ਨਿਆਂ ਦਾ ਪ੍ਰੇਰਕ', 'ਗੁਰੂ ਗ੍ਰੰਥ ਸਾਹਿਬ ਦੇ ਅੰਤਰ-ਧਰਮੀ ਉਪਦੇਸ਼ ਵਜੋਂ ਸਿੱਖ ਅਧਿਆਤਮਕਤਾ', 'ਗੁਰੂ ਗ੍ਰੰਥ ਸਾਹਿਬ ਰਾਹੀਂ ਪ੍ਰਗਟ ਹੁੰਦਾ ਰੂਹਾਨੀ ਵੈਭਵ', 'ਸ਼ਾਂਤੀ ਦੇ ਰਾਹ ਦੇ ਵਿਚਾਰਧਾਰਕ ਅੜਿੱਕੇ ਤੇ ਸ੍ਰੀ ਗੁਰੂ ਗ੍ਰੰਥ ਵੱਲੋਂ ਸੁਝਾਏ ਹੱਲ', 'ਗੁਰੂ ਗ੍ਰੰਥ ਸਾਹਿਬ ਅਤੇ ਵਿਸ਼ਵ- ਵਾਤਾਵਰਣ-ਵਿਗਿਆਨ' ਆਦਿ ਆਦਿ।

ਸਿੱਖਾਂ ਦੀਆਂ ਸਮਕਾਲੀ ਸਮੱਸਿਆਵਾਂ ਸਬੰਧੀ ਗੋਸ਼ਟੀਆਂ ਵਿੱਚ ਸ਼ਾਮਲ ਸੀ:- 'ਸਿੱਖ-ਪਛਾਣ ਨੂੰ ਦਰਪੇਸ਼ ਚੁਣੌਤੀਆਂ: ਫ਼ੀਨਿਕਸ (11 ਸਤੰਬਰ ਦੇ ਹਮਲੇ ਮਗਰੋਂ ਜਿੱਥੇ ਇੱਕ ਸਿੱਖ ਨੂੰ ਕਤਲ ਕੀਤਾ ਗਿਆ) ਤੋਂ ਮਿਲਿਆ ਸਬਕ', ਸਿੱਖ ਨਜ਼ਰੀਏ ਤੋਂ ਸ਼ਹਾਦਤ ਸਬੰਧੀ ਮੁੜ ਚਿੰਤਨ', ਅਤੇ 'ਗ਼ਲਤ ਪਹਿਚਾਣ'।

ਇਸ ਸੰਸਦ ਦਾ ਸਭ ਤੋਂ ਵੱਧ ਪ੍ਰਭਾਵਸ਼ਾਲੀ ਵਾਕਿਆ ਸੀ, ਜਦੋਂ ਸਰਬ-ਸਾਂਝੇ ਸੈਸ਼ਨ ਦੇ ਇੱਕ ਹਿੱਸੇ ਦਾ ਨਾਮ 'ਗੁਰੂ ਗ੍ਰੰਥ ਸਾਹਿਬ ਦੀ 400 ਸਾਲਾ ਸ਼ਤਾਬਦੀ' ਰੱਖਿਆ ਗਿਆ। 3300 ਦੀ ਥਾਂ ਵਾਲਾ ਔਡੀਟੋਰੀਅਮ ਸਰੋਤਿਆਂ ਨਾਲ ਨੱਕੋ ਨੱਕ ਭਰਿਆ ਹੋਇਆ ਸੀ। ਭਾਈ ਅਵਤਾਰ ਸਿੰਘ ਅਤੇ ਸਾਥੀਆਂ ਦੇ ਮਸ਼ਹੂਰ ਜਥੇ ਨੇ ਗੁਰਬਾਣੀ ਕੀਰਤਨ ਕੀਤਾ। ਉਪਰੰਤ ਭਾਈ ਮਹਿੰਦਰ ਸਿੰਘ, ਗੁਰੂ ਨਾਨਕ ਨਿਸ਼ਕਾਮ ਜੱਥੇ ਦੇ ਮੁੱਖ ਸੇਵਾਦਾਰ, ਨੇ ਬੜੇ ਪ੍ਰਭਾਵਸ਼ਾਲੀ ਢੰਗ ਨਾਲ ਗੁਰੂ ਨਾਨਕ ਸਾਹਿਬ ਦੇ ਉਪਦੇਸ਼ਾਂ ਨੂੰ ਸ੍ਰੋਤਿਆਂ ਸਾਹਮਣੇ ਪੇਸ਼ ਕੀਤਾ। ਇਸ ਪਾਰਲਾਮੈਂਟ ਦੇ ਕਾਰਜ-ਕਰਤਾਵਾਂ ਅਤੇ ਸੰਸਾਰ ਦੇ ਪਤਵੰਤੇ ਵਿਅਕਤੀਆਂ ਨੇ ਗੁਰੂ ਗ੍ਰੰਥ ਸਾਹਿਬ ਅਤੇ ਸਿੱਖਾਂ ਵੱਲੋਂ ਏਸ ਵਿਸ਼ਵ-ਵਿਆਪੀ ਸੰਦੇਸ਼ ਨੂੰ ਸੰਸਾਰ ਦੇ ਧਿਆਨਗੋਚਰੇ ਲਿਆਉਣ ਬਦਲੇ ਸ਼ਰਧਾ ਪ੍ਰਗਟ ਕੀਤੀ।

ਮੋਟੇ ਰੂਪ 'ਚ ਸਿੱਖਾਂ ਨੇ ਪ੍ਰਭਾਵਸ਼ਾਲੀ ਢੰਗ ਨਾਲ ਆਪਣੇ ਧਰਮ ਅਤੇ ਕੌਮ ਦੇ ਵਿਸ਼ਵੀਕਰਨ ਦੇ ਮੱਦੇਨਜ਼ਰ ਆਪਣੀ ਤਿਆਰੀ ਸਬੰਧੀ ਵਿਚਾਰ-ਵਟਾਂਦਰਾ ਕੀਤਾ। ਉਹਨਾਂ ਸੰਸਾਰ ਪੱਧਰ 'ਤੇ ਫ਼ੈਲੇ ਆਪਣੇ ਭਾਈਚਾਰੇ ਦੇ ਬਦਲ ਰਹੇ ਸੱਭਿਆਚਾਰ ਅਤੇ ਪ੍ਰੇਰਨਾਵਾਂ, ਗੁਰੂ ਗ੍ਰੰਥ ਸਾਹਿਬ ਦੀ ਸਮਕਾਲੀ ਵਿਆਖਿਆ, ਆਪਣੀਆਂ ਪ੍ਰਬੰਧਕੀ ਸੰਸਥਾਵਾਂ ਦੇ ਆਧੁਨਿਕੀਕਰਨ ਅਤੇ ਇਹਨਾਂ ਦੀ ਨਵੀਨ ਸੰਸਾਰ ਵਿੱਚ ਪ੍ਰਸੰਗਕਤਾ ਨੂੰ ਆਪਣੇ ਵਿਚਾਰਾਂ ਦਾ ਵਿਸ਼ਾ-ਵਸਤੂ ਬਣਾਇਆ।

ਅਖ਼ੀਰ ਵਿੱਚ ਇਹ ਪ੍ਰਤੱਖ ਸੀ ਕਿ ਇੱਕ ਹਜ਼ਾਰ ਦੇ ਕਰੀਬ ਹਿੱਸਾ ਲੈ ਰਹੇ ਸਿੱਖ ਸੰਸਾਰ ਦੇ ਨਕਸ਼ੇ ਤੇ ਆਪਣੀ ਹੋਂਦ ਦਰਜ ਕਰਵਾਉਣ ਵਿੱਚ, ਸਿੱਖ ਪਹਿਚਾਣ ਨੂੰ ਸੰਸਾਰ ਭਰ ਦੇ ਧਰਮਾਂ ਸਾਹਮਣੇ ਨਸ਼ਰ ਕਰਨ ਵਿੱਚ ਕਾਮਯਾਬ ਹੋਏ ਅਤੇ ਸੰਸਾਰ ਭਰ ਦੇ ਧਰਮਾਂ ਦੇ ਆਗੂਆਂ ਤੋਂ ਸਿੱਖ ਪ੍ਰੰਪਰਾਵਾਂ ਦੀ ਵਾਹ-ਵਾਹ ਕਰਵਾਈ। ਮਜ਼ੇਦਾਰ ਪੱਖ ਇਹ ਸੀ ਕਿ, ਮੌਲਿਕ ਸਿੱਖ ਪ੍ਰੰਪਰਾਵਾਂ ਅਨੁਸਾਰ, ਹਾਜ਼ਰੀਨ ਅਤੇ ਪ੍ਰਬੰਧਕ ਸਭ ਸਿੱਖ-ਜਨ-ਸਾਧਾਰਨ ਅਤੇ ਸਿੱਖ ਸੰਗਤਾਂ ਵਿੱਚੋਂ ਸਨ — ਉਹਨਾਂ ਦੀਆਂ ਭਾਰਤ ਵਿਚਲੀਆਂ ਪ੍ਰਮੁੱਖ ਸੰਸਥਾਵਾਂ ਦੇ ਨੁਮਾਇੰਦੇ ਏਸ ਸੰਸਦ ਵਿੱਚੋਂ ਪ੍ਰਤੱਖ ਰੂਪ 'ਚ ਉਵੇਂ ਹੀ ਗ਼ੈਰ-ਹਾਜ਼ਰ ਸਨ ਜਿਵੇਂ ਉਹ ਹਮੇਸ਼ਾ ਕਿਸੇ ਵੀ ਹੋਰ ਆਲਮੀ ਮੰਚ ਤੋਂ ਹੁੰਦੇ ਹਨ।

ਅੰਤ ਵਿੱਚ ਹਰ ਇੱਕ ਵਿਅਕਤੀ ਨੇ ਆਸ ਪ੍ਰਗਟਾਈ ਕਿ ਸਿੱਖਾਂ ਦੀਆਂ ਸੰਸਾਰ ਪੱਧਰ ਦੀਆਂ ਸਮੱਸਿਆਵਾਂ ਅਤੇ ਚੁਣੌਤੀਆਂ ਵੱਲ ਤਵੱਜੋਂ ਦੇਣ ਦੀ ਗਤੀ ਬਰਕਰਾਰ ਰਹੇਗੀ। ਜਿਵੇਂ ਕਿ ਉਹਨਾਂ

ਬਰਲਸੀਲੋਨਾ ਵਿਖੇ ਇਹ ਜਾਣ ਲਿਆ ਹੈ ਕਿ ਸਮੁੱਚੇ ਸੰਸਾਰ ਦਾ ਸਿੱਖ ਭਾਈਚਾਰਾ ਪੰਜਾਬ ਵਿਚਲੀਆਂ ਆਪਣੀਆਂ ਪ੍ਰਮੁੱਖ ਸੰਸਥਾਵਾਂ ਵੱਲ ਝਾਕੇ ਬਿਨਾ ਸਿੱਖ ਧਰਮ ਦੇ ਸੁਨੇਹੇ ਨੂੰ ਪੱਛਮੀ ਦੁਨੀਆ ਤੱਕ ਪਹੁੰਚਾਣ ਦੀ ਵੱਡੀ ਜ਼ਿੰਮੇਵਾਰੀ ਸੰਭਾਲਣ ਦੇ ਸਮਰੱਥ ਹੈ। ਬਰਸੀਲੋਨਾ ਦੇ ਇਸ ਇਤਿਹਾਸਕ ਮੌਕੇ ਸਿੱਖਾਂ ਨੇ ਇਹ ਨਿਵੇਕਲਾ ਤਜ਼ਰਬਾ ਹਾਸਲ ਕੀਤਾ ਕਿ ਬੀਤੇ ਸਮੇਂ ਵਾਂਗ ਉਹਨਾਂ ਨੂੰ ਨਾ ਤਾਂ ਆਪਣੇ ਹੋਮਲੈਂਡ ਸੂਬੇ ਪੰਜਾਬ ਵਿਚਲੀਆਂ ਪ੍ਰਮੁੱਖ ਸੰਸਥਾਵਾਂ ਉੱਤੇ ਨਿਰਭਰ ਹੋਣ ਦੀ ਲੋੜ ਹੈ ਤੇ ਨਾ ਹੀ ਕਿਸੇ ਅਗਵਾਈ ਦੀ ਤਵੱਕੋਂ ਕਰਨ ਦੀ; ਉਹ ਆਪਣੇ ਧਰਮ-ਸ਼ਾਸਤਰ ਨੂੰ ਪ੍ਰਚਾਰਨ ਸਬੰਧੀ ਕਾਰਜ ਪੁਜਾਰੀ ਸ਼੍ਰੇਣੀ ਤੋਂ ਬਿਨਾ ਵੀ ਨਿਭਾਅ ਸਕਦੇ ਹਨ।

ਬਾਰਸੀਲੋਨਾ ਤੋਂ ਵਾਪਸੀ ਉਡਾਨ ਉਪਰੰਤ ਮੈਂ ਅਸੀਮ ਗਿਆਨ ਦੇ ਮੁਜੱਸਮੇ ਵਾਹਿਗੁਰੂ ਦਾ ਸ਼ੁਕਰਾਨਾ ਕੀਤਾ, ਜਿਸ ਨੇ ਮੇਰੇ ਭਾਈਚਾਰੇ ਨੂੰ ਸਭ ਧਰਮਾਂ ਦੇ ਲੋਕਾਂ ਨਾਲ ਮਿਲ ਕੇ ਵਿਸ਼ਵ-ਸ਼ਾਂਤੀ ਅਤੇ ਸਦਭਾਵਨਾ ਦੇ ਇਲਾਹੀ ਮਿਸ਼ਨ ਦੀ ਪ੍ਰਾਪਤੀ ਲਈ ਏਨਾਂ ਬਖ਼ੂਬੀ ਕੰਮ ਕਰਨ ਦੇ ਸਾਧਨ, ਸ਼ਕਤੀ ਅਤੇ ਸਾਡੇ ਗੁਰੂ ਸਾਹਿਬਾਨਾਂ ਤੇ ਹੋਰ ਪਵਿੱਤਰ ਮੁਰਸ਼ਦਾਂ ਦੇ ਜੀਵਨਾਂ ਰਾਹੀਂ ਅਨੇਕਾਂ ਮਿਸਾਲਾਂ ਮੁਹੱਈਆ ਕਰ ਕੇ ਹੌਸਲਾ ਬਖ਼ਸ਼ਿਆ ਹੈ। ਇਹ ਸੰਕੇਤ ਵੀ ਪ੍ਰਾਪਤ ਹੋਏ ਹਨ ਕਿ ਸਾਧਾਰਨ ਸਿੱਖ ਸੰਗਤ ਨਵੀਂ ਸਦੀ ਦੀਆਂ ਵਿਸ਼ਵ- ਵਿਆਪੀ ਜ਼ਿੰਮੇਵਾਰੀਆਂ ਨਿਭਾਉਣ ਲਈ ਯਥਾਯੋਗ ਸੂਝਵਾਨ ਹੋ ਚੁੱਕੀ ਹੈ।

ooooo

## ਸੇਵਾ ਤੇ ਪਵਿੱਤਰਤਾ ਦਾ ਘਾਣ

ਪ੍ਰੋ: ਇੰਦਰ ਸਿੰਘ ਘੱਗਾ

ਭਾਰਤੀ ਸਮਾਜ ਵਿੱਚ ਬ੍ਰਾਹਮਣ ਧਰਮ ਨੇ ਜੋ ਵਿਗਾੜ ਪੈਦਾ ਕੀਤੇ ਹਨ, ਉਨ੍ਹਾਂ ਦੀ ਫਹਰਿਸਤ ਬਹੁਤ ਵੱਡੀ ਹੈ। ਹਥਲੇ ਲੇਖ ਦੁਆਰਾ ਕੇਵਲ ਕਿਰਤ ਨਾਲ ਸਬੰਧਤ ਕੁਝ ਵਿਚਾਰ ਸਾਂਝੇ ਕੀਤੇ ਜਾਣਗੇ। ਹਿੰਦੂ ਸਮਾਜ ਦੇ ਧਰਮ-ਗ੍ਰੰਥਾਂ ( ?) ਨੇ ਜੋ ਪ੍ਰਚਾਰਿਆ ਬੀਜਿਆ, ਉਹੀ ਪੈਦਾ ਹੋਇਆ, ਭੁਗਤਿਆ। ਬ੍ਰਾਹਮਣ ਧਰਮ-ਗੁਰੂ, ਪੁਜਾਰੀ, ਤਾਂ ਪੂਜਣ ਯੋਗ ਬਣ ਬੈਠਾ, ਕਿਰਤੀ ਕਾਮਾ, ਮਿਹਨਤ ਕਰਨ ਵਾਲਾ, ਸਾਰਿਆਂ ਦੀਆਂ ਲੋੜਾਂ ਪੂਰੀਆਂ ਕਰਨ ਵਾਲਾ, ਕਮੀ-ਕਮੀਣ ਤੇ ਸ਼ੂਦਰ ਬਣਾ ਦਿੱਤਾ ਗਿਆ। ਸਭ ਤੋਂ ਜ਼ਿਆਦਾ ਮਿਹਨਤੀ (ਹੱਥੀਂ ਕਿਰਤ ਕਰਨ ਵਾਲਾ) ਹੀ ਸਭ ਤੋਂ ਨੀਵਾਂ ਧੱਕ ਦਿੱਤਾ ਗਿਆ। ਉਹ ਕੰਮ ਤਾਂ ਜੀਅ-ਜਾਨ ਮਾਰ ਕੇ ਦਿਨ-ਰਾਤ ਕਰੇ। ਬਦਲੇ ਵਿੱਚ ਮੰਗੇ ਕੁਝ ਨਾ, ਵੱਟੇ ਵਿੱਚ ਮਿਲਣਗੇ ਜੂਠੇ ਟੁਕੜੇ, ਪਾਟੇ-ਪੁਰਾਣੇ ਕੱਪੜੇ, ਨਿਤ ਦਿਨ ਤ੍ਰਿਸਕਾਰ, ਫਿਟਕਾਰਾਂ, ਗਾਹਲਾਂ। ਉੱਚਾ ਹਉਕਾ ਤੱਕ ਲੈਣ ਦੀ ਆਗਿਆ ਨਹੀਂ। ਇਸ ਅਤੀ ਘਟੀਆ ਵਰਤਾਰੇ ਨੂੰ ਧਰਮ ਦੀ ਚਾਦਰ ਪਹਿਨਾ ਦਿੱਤੀ ਗਈ; ਇਸ ਨੂੰ "ਧਰਮ-ਗ੍ਰੰਥਾਂ ਦਾ ਪਵਿੱਤਰ ਉਪਦੇਸ਼" ਗਰਦਾਨਿਆ ਗਿਆ। ਇਸੇ ਕਾਰਣ ਭਾਰਤ ਵਿੱਚ ਕਿਰਤ ਦੀ ਵਡਿਆਈ ਅਲੋਪ ਹੋ ਗਈ। ਲੋਕੀ ਕੰਮ ਤੋ ਜੀਅ ਚੁਰਾਉਣ ਲੱਗੇ, ਕਾਮਾ ਇਨਸਾਨ ਨਫ਼ਰਤ ਦਾ ਪਾਤਰ ਬਣਦਾ ਚਲਾ ਗਿਆ। ਖੇਤੀ ਕਰਨ ਵਾਲਾ ਗਰਮੀ-ਸਰਦੀ ਵਿੱਚ, ਦੁੱਖ ਝੱਲ ਕੇ, ਅੰਨ ਪੈਦਾ ਕਰਨ ਵਾਲਾ ਸ਼ੂਦਰ ਅਖਵਾਇਆ। ਕਪਾਹ ਪੈਦਾ ਕਰਨ ਵਾਲਾ, ਬੁਨਣ-ਤਨਣ ਵਾਲਾ, ਰੰਗਾਈ-ਸਿਲਾਈ ਵਾਲਾ, ਸਾਰੇ ਨੀਵੇਂ ਸ਼ੂਦਰ ਬਣਾ ਦਿੱਤੇ। ਮੁਫ਼ਤ ਦਾ ਅੰਨ ਖਾ ਕੇ ਡਕਾਰ ਮਾਰ ਜਾਣ ਵਾਲਾ, ਮੁਫ਼ਤ ਵਿੱਚ ਕੱਪੜੇ ਪ੍ਰਾਪਤ ਕਰ ਕੇ ਪਹਿਨ ਲੈਣ ਵਾਲਾ, ਗਰੀਬਾਂ ਦੇ ਹੱਕਾਂ ਤੇ ਨਿਤ ਡਾਕੇ ਮਾਰਨ ਵਾਲਾ, ਉੱਚੀ ਕੁਲ, ਉੱਚੀ ਜਾਤ ਵਾਲਾ, ਪੂਜਣਯੋਗ ਬਣ ਬੈਠਾ। ਅਜਿਹੇ ਮੁਫ਼ਤਖੋਰੇ ਵਿਹਲੜ ਨੂੰ ਹਰ ਥਾਂ ਫਿਟਕਾਰਾਂ ਪੈਣੀਆਂ ਚਾਹੀਦੀਆਂ ਸਨ। ਸਿਤਮ ਇਹ ਕਿ ਹਿੱਕ ਦੇ ਤਾਣ ਅਨੇਕ ਹੱਥਕੰਡਿਆਂ ਦੁਆਰਾ ਤਿਆਰ ਕੀਤੇ ਮਾਰੂ ਸਿਸਟਮ ਮੁਤਾਬਕ ਇਹ ਪਰਜੀਵੀ (ਪਰਾਏ ਜੀਵ ਦਾ ਖ਼ੂਨ ਪੀਣ ਵਾਲਾ) ਸਗੋਂ ਪੂਜਣਯੋਗ ਬਣ ਬੈਠਾ। ਕਿਰਤੀ ਲੋਕ ਮਿਹਨਤ ਭੀ ਕਰਨ, ਆਪਣੀ ਕਿਰਤ ਦਾ ਕੁਝ ਹਿੱਸਾ ਇਹਨਾਂ ਦੇ ਅੱਗੇ ਭੇਟਾ ਰੱਖਣ ਤੇ ਚਰਨਾਂ 'ਤੇ ਸਿਰ ਰੱਖ ਕੇ ਨਮਸਕਾਰ ਭੀ ਕਰਨ! ਹੈ ਨਾ ਹਨੇਰਗਰਦੀ ?

ਸਤਿਗੁਰੂ ਨਾਨਕ ਸਾਹਿਬ ਜੀ ਨੇ ਕਿਰਤ ਕਰਨ ਨੂੰ, ਪਰਉਪਕਾਰ ਕਰਨ ਨੂੰ ਧਰਮ ਨਾਲ ਜੋੜ ਦਿੱਤਾ। ਵਿਹਲੜਾਂ ਦੀ ਗੁਰੂ ਘਰ ਵਿੱਚ ਕਦੀ ਸੋਭਾ ਨਹੀਂ ਕੀਤੀ ਗਈ। ਗੁਰਬਾਣੀ, ਗੁਰ-ਉਪਦੇਸ਼ਾਂ ਤੋ ਅਗਵਾਈ ਲੈ ਕੇ ਸਿੱਖ ਹਿੰਮਤੀ, ਕਿਰਤੀ, ਪਰਉਪਕਾਰੀ ਜਾਂਬਾਜ਼ ਜੋਧੇ ਬਣ ਕੇ ਉੱਭਰੇ; ਲੰਮੀ ਜੰਗ ਲੜੀ। ਮੁਸੀਬਤਾਂ ਦੇ ਪਹਾੜ ਰਾਹ ਰੋਕਦੇ ਰਹੇ ਪਰ ਸਿੱਖ ਅੱਗੇ ਹੀ ਅੱਗੇ ਵਧਦੇ ਗਏ। ਸਤਿਗੁਰੂ ਜੀ ਦਾ ਸ਼ਬਦ ਪੜ੍ਹੋ: "**ਸੇਵ ਕੀਤੀ ਸੰਤੋਖੀਈਂ ਜਿਨ੍ਹੀ ਸਚੋ ਸਚੁ ਧਿਆਇਆ॥ ਓਨ੍ਹੀ ਮੰਦੈ ਪੈਰੁ ਨ ਰਖਿਓ ਕਰਿ ਸੁਕ੍ਰਿਤੁ ਧਰਮੁ ਮਾਇਆ॥ ਓਨ੍ਹੀ ਦੁਨੀਆ ਤੋੜੇ ਬੰਧਨਾ ਅੰਨੁ ਪਾਣੀ ਥੋੜਾ ਖਾਇਆ॥ ਤੂੰ ਬਖਸੀਸੀ ਅਗਲਾ ਨਿਤ ਦੇਵਹਿ ਚੜਹਿ ਸਵਾਇਆ॥ ਵਡਿਆਈ ਵਡਾ ਪਾਇਆ॥7॥ ਪੰਨਾ 466-467**। ਜਿੱਥੇ ਦੁਨਿਆਵੀ ਕਾਰਜ ਸਿੱਖ ਸਮਾਜ ਨੇ ਪੂਰੀ ਤਨਦੇਹੀ ਨਾਲ ਕਰਦਿਆਂ ਕੰਗਾਲੀ ਨੂੰ ਘਰੋਂ

ਕੱਢ ਦਿੱਤਾ, ਉੱਥੇ ਨਾਲ ਹੀ ਲੋੜਵੰਦ ਦੀ ਸੇਵਾ ਲਈ ਭੀ ਖਾਸ ਤਰ੍ਹਾਂ ਦੇ ਉਪਰਾਲੇ ਆਰੰਭੇ। ਝਾੜੂ-ਪੋਚਾ ਲਾਉਣ, ਮਲ-ਮੂਤਰ ਦੀ ਸਫ਼ਾਈ ਕਰਨੀ ਸ਼ੂਦਰਾਂ ਦਾ "ਖਾਨਦਾਨੀ" ਕੰਮ ਮਿਥਿਆ ਗਿਆ ਸੀ। ਹੁਣ ਇਹ ਕੰਮ "ਸੇਵਾ" ਦਾ ਭਾਗ ਬਣਾ ਦਿੱਤਾ ਗਿਆ। ਬਰਤਨ ਸਾਫ਼ ਕਰਨੇ, ਲੰਗਰ ਪਕਾਉਣਾ ਭੀ ਛੋਟੀਆਂ ਜਾਤਾਂ ਵਾਲਿਆਂ ਦੀਂ ਕਿਸਮਤ ਵਿੱਚ ਲਿਖ ਦਿੱਤਾ ਗਿਆ ਸੀ। ਗੁਰੂ-ਘਰ ਵਿੱਚ ਇਹ ਕੰਮ ਸੇਵਾ ਦਾ ਪਵਿੱਤਰ ਅੰਗ ਬਣ ਗਿਆ। ਪਸੂ ਸਾਂਭਣੇ, ਘਾਹ-ਪੱਠਾ ਵਰਤਾਉਣਾ, ਦੁੱਧ ਚੋਣਾ, ਘੋੜੇ-ਬਲਦ ਪਾਲਣੇ, ਇਹ ਸਾਰਿਆਂ ਦਾ ਸਾਂਝਾ ਕਾਰਜ ਬਣ ਗਿਆ। ਕੋਈ ਗਿਲਾਨੀ ਨਹੀਂ, ਨਫ਼ਰਤ ਨਹੀਂ, ਨੀਵਾਂਪਣ ਨਹੀਂ।

ਕਿਰਤ ਦੀ ਵਡਿਆਈ ਗੁਰੂ-ਘਰ ਵਿੱਚ ਇਤਨੀ ਪ੍ਰਬਲ ਰੂਪ ਧਾਰਨ ਕਰ ਗਈ ਕਿ ਸਿੱਖਾਂ ਦੇ ਮੁੱਢਲੇ ਅਸੂਲਾਂ ਵਿੱਚ ਕਿਰਤ ਨੂੰ ਸ਼ਾਮਲ ਕਰ ਦਿੱਤਾ ਗਿਆ। ਜੇ ਪ੍ਰਮਾਤਮਾ ਨੂੰ ਯਾਦ ਰੱਖਣਾ ਜ਼ਰੂਰੀ ਹੈ ਤਾਂ ਕਿਰਤ ਕਰਨੀ ਭੀ ਜ਼ਰੂਰੀ ਹੈ ਤੇ ਫਿਰ ਵੰਡ ਛਕਣਾ ਭੀ ਜ਼ਰੂਰੀ ਹੈ। ਇਸ ਨੂੰ ਇਉਂ ਮਾਣ ਪ੍ਰਾਪਤ ਹੈ — "ਨਾਮ ਜਪਣਾ, ਧਰਮ ਦੀ ਕਿਰਤ ਕਰਨੀ ਤੇ ਵੰਡ ਕੇ ਛਕਣਾ।" ਸਤਿਗੁਰੂ ਜੀ ਦੇ ਪਾਵਨ ਬਚਨਾਂ ਨੂੰ ਸਿਰ-ਮੱਥੇ ਸਵੀਕਾਰ ਕਰਦਿਆਂ, ਅਣਗਿਣਤ ਗੁਰੂ ਕੇ ਲਾਲਾਂ ਨੇ ਸੇਵਾ ਦੇ ਖੇਤਰ ਵਿੱਚ ਯੋਗਦਾਨ ਪਾਇਆ ਹੈ। ਵੰਡ ਕੇ ਭੀ ਛਕਿਆ ਹੈ ਤੇ ਵਾਹਿਗੁਰੂ ਦਾ ਸ਼ੁਕਰਾਨਾ ਭੀ ਕਰਦੇ ਰਹੇ ਹਨ। ਸੋਹਣੀਆਂ ਅਮੀਰਜ਼ਾਦੀਆਂ ਭੈਣਾ, ਗੁਰੂ-ਘਰਾਂ ਵਿੱਚ ਸਤਿਕਾਰ ਸਹਿਤ ਬਰਤਨ ਸਾਫ਼ ਕਰਦੀਆਂ, ਪਰਸ਼ਾਦੇ ਬਣਾਉਦੀਆਂ, ਵਰਤਾਉਦੀਆਂ, ਆਮ ਵੇਖੀਆਂ ਜਾ ਸਕਦੀਆਂ ਹਨ। ਝਾੜੂ-ਪੋਚਾ ਲਾਉਣ, ਜਲ ਛਕਾਉਣ, ਲੋੜਵੰਦ ਦੀਆਂ ਲੋੜਾਂ ਪੂਰੀਆਂ ਕਰਦੇ ਗੁਰਸਿੱਖ ਵੀਰਾਂ ਨੂੰ ਹਰ ਰੋਜ਼ ਵੇਖਿਆ ਜਾ ਸਕਦਾ ਹੈ। ਜੋੜੇ ਸਾਂਭਣੇ, ਸਾਫ਼ ਕਰਨੇ, ਕੱਪੜੇ ਧੋਣੇ ਭੀ ਸੇਵਾ ਦਾ ਹੀ ਇੱਕ ਹਿੱਸਾ ਸਵੀਕਾਰ ਕੀਤੇ ਗਏ ਹਨ। ਗੁਰਬਾਣੀ ਪੜ੍ਹਨੀ-ਵਿਚਾਰਨੀ ਤਾਂ ਸਿੱਖਾਂ ਲਈ ਹੈ ਹੀ ਅਤੀ ਜ਼ਰੂਰੀ। ਸੇਵਾ ਕਰਨ ਦੀ ਪ੍ਰੇਰਨਾ ਗੁਰਬਾਣੀ ਵਿੱਚੋਂ ਹੀ ਤਾਂ ਪ੍ਰਾਪਤ ਹੁੰਦੀ ਹੈ। ਘਰ ਵਿੱਚ ਜਾਂ ਗੁਰੂ-ਘਰ ਵਿੱਚ, ਕਿਤੇ ਭੀ ਮੌਕਾ ਬਣ ਆਏ, ਸਿੱਖ ਨੇ ਗੁਰਬਾਣੀ ਦਾ ਪਾਠ ਕਰਨਾ ਜਾਂ ਸੁਣਨਾ ਹੀ ਹੈ। ਸਹਿਜ ਪਾਠ, ਅਖੰਡ ਪਾਠ, ਕੀਰਤਨ, ਕਥਾ, ਕੜਾਹ ਪ੍ਰਸਾਦ ਤੇ ਨਿਤਨੇਮ ਦੀਆਂ ਬਾਣੀਆਂ, ਇਹ ਸਭ ਤਾਂ ਸਿੱਖਾਂ ਦੀ ਜ਼ਿੰਦਗੀ ਦਾ ਅਨਿੱਖੜਵਾਂ ਅੰਗ ਹਨ। ਪੁਰਾਤਨ ਸਮੇਂ ਤੋ ਹੀ ਸਿੱਖ ਬਾਣੀ ਪੜ੍ਹਦੇ ਹੋਏ ਸਤਿਕਾਰ ਨਾਲ ਸੇਵਾ ਕਰਦੇ ਆ ਰਹੇ ਹਨ।

ਲਗਭਗ 1960 ਤੋਂ ਸ਼ੁਰੂ ਹੋ ਕੇ ਇੱਕ ਅਜੇਹੀ ਮਾਰੂ ਵਬਾ ਚਲਾ ਦਿੱਤੀ ਗਈ ਕਿ ਸਿੱਖੀ-ਸੇਵਾ ਦੀਆਂ ਨੀਹਾਂ ਹਿੱਲ ਗਈਆਂ। ਜਦੋਂ ਸੰਤ ਫ਼ਤਹਿ ਸਿੰਘ ਤੇ ਮਾਸਟਰ ਤਾਰਾ ਸਿੰਘ ਨੇ ਇੱਕ ਦੂਜੇ ਨੂੰ ਪਛਾੜਨ ਦੀ ਨੀਅਤ ਨਾਲ, ਪੰਥਕ ਮੰਚ 'ਤੇ ਛਲ-ਨਾਟਕ ਕੀਤਾ ਤੇ ਅਕਾਲ ਤਖ਼ਤ ਅਤੇ ਉਸ ਦੇ ਸੇਵਾਦਾਰ ਨੂੰ ਜਿਵੇਂ ਨਚਾਇਆ, ਇਹ ਇੱਕ ਲੰਮੀ ਦੁੱਖਦਾਈ ਦਾਸਤਾਨ ਹੈ। ਸੰਨ 1960 ਤੋਂ ਬਾਅਦ ਹੀ ਮਾਸਟਰ ਤਾਰਾ ਸਿੰਘ ਤੇ ਸੰਤ ਫ਼ਤਹਿ ਸਿੰਘ ਨੇ ਵਾਰੀ-ਵਾਰੀ ਮਰਨ ਵਰਤ ਰੱਖੇ। ਬੜੀ ਬੇਹਯਾਈ ਨਾਲ ਬਿਨਾਂ ਕੁਝ ਪ੍ਰਾਪਤ ਕੀਤੇ ਅਧਵਾਟਿਉਂ ਵਰਤ ਤੋੜ ਦਿੱਤੇ। ਫਿਰ ਅਕਾਲ ਤਖ਼ਤ 'ਤੇ ਅਗਨ-ਕੁੰਡ ਬਣਾ ਲਏ। ਦੋਵੇਂ ਲੀਡਰਾਂ, ਸਮੇਂ ਸਮੇਂ ਸੜ ਮਰਨ ਦਾ ਗੁਰਮਤ ਵਿਰੋਧੀ ਐਲਾਨ ਕੀਤਾ, ਐਲਾਨ ਕਰ ਕੇ ਮੁਕਰ ਜਾਂਦੇ ਰਹੇ, ਸਿੱਖ ਪੰਥ ਦੇ ਗੁੱਸੇ ਤੋਂ ਬਚਣ ਵਾਸਤੇ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨੂੰ ਵਰਤਦੇ ਰਹੇ। "ਜਥੇਦਾਰ ਜੀ ਸਾਨੂੰ ਬਰਤਨ ਸਾਫ਼ ਕਰਨ, ਜੋੜੇ ਝਾੜਨ, ਝਾੜੂ ਫੇਰਨ ਤੇ ਪਾਠ ਕਰਨ ਦੀ 'ਸਜ਼ਾ' ਲਾ ਦਿਉ। ਬਹੁਤੀ ਨਾ ਲਾਉਣੀ, ਬਸ ਪੰਦਰਾਂ-ਵੀਹ ਦਿਨਾਂ ਤੋ ਵੱਧ ਨਾ ਹੋਵੇ। ਇਸ ਤਰ੍ਹਾਂ ਸਾਡੇ ਗੁਨਾਹ ਮੁਆਫ਼ ਹੋ ਜਾਣਗੇ ਤੇ ਭੋਲੇ-ਭਾਲੇ ਸਿੱਖ ਠੰਢੇ-ਠਾਰ ਹੋ ਕੇ ਫਿਰ ਸਾਡੇ ਮਗਰ ਜੈਕਾਰੇ ਗਜਾਉਂਦੇ ਚੱਲ ਪੈਣਗੇ।" ਕਠਪੁਤਲੀ ਨੁਮਾ ਜਥੇਦਾਰ ਜੀ ਨੇ ਇਹੀ ਕੁਝ ਕੀਤਾ। ਇੱਕ ਨੌਕਰ, ਮਾਲਕ ਨੂੰ ਸਜ਼ਾ ਲਾਉਣ ਦਾ ਖੇਖਣ ਕਰ ਰਿਹਾ ਸੀ ਪਰ ਮਾਲਕ ਨੂੰ ਪੁੱਛ-ਪੁੱਛ ਕੇ। ਇਹ ਪੰਥਕ ਰਵਾਇਤਾਂ ਤੋ ਭਗੌੜੇ ਲੋਕ (ਲੀਡਰ) ਸਜ਼ਾ ਭੁਗਤ ਰਹੇ ਸਨ, ਦਰਬਾਰ ਸਾਹਿਬ ਵਿੱਚ ਬਰਤਨ ਸਾਫ਼ ਕਰ ਕੇ, ਬਾਣੀ ਪੜ੍ਹ-ਸੁਣ ਕੇ।

ਉਦੋਂ ਤੋ ਲੈ ਕੇ ਅੱਜ ਤੱਕ ਇਹੀ ਵਰਤਾਰਾ ਗੁਰਮਤਿ ਦਾ ਲੇਬਲ ਲਾ ਕੇ ਨਿਰੰਤਰ ਵਰਤਾਇਆ ਜਾ ਰਿਹਾ ਹੈ। ਸੰਨ 1977 ਵਿੱਚ ਪੰਜਾਬ ਦੀ ਅਕਾਲੀ ਸਰਕਾਰ ਵਿੱਚ ਇੱਕ ਸਿਰਕੱਢਵੇਂ ਸਿੱਖ ਸ੍ਰ: ਆਤਮਾ ਸਿੰਘ ਮਾਲ ਮੰਤਰੀ ਦੇ ਧਿਆਨ ਵਿੱਚ ਲਿਆਂਦਾ ਗਿਆ ਕਿ, ਪਟਵਾਰੀ ਤੋਂ ਲੈ ਕੇ ਉੱਪਰ ਤੱਕ, ਮਹਿਕਮੇ ਦਾ ਹਰ ਵੱਡਾ-ਛੋਟਾ ਅਫਸਰ/ਕਰਮਚਾਰੀ ਰਿਸ਼ਵਤ ਵਿੱਚ ਡੂੰਘਾ ਧਸਿਆ ਹੋਇਆ ਹੈ, ਇਹਨਾਂ ਨੂੰ ਨੱਥ ਪਾਉ, ਭ੍ਰਿਸ਼ਟਾਂ ਨੂੰ ਸਜ਼ਾ ਦਿਉ। ਸ੍ਰ: ਆਤਮਾ ਸਿੰਘ ਦਾ ਜੁਆਬ ਸੀ - "ਹਾਂ, ਤੁਸੀਂ ਠੀਕ ਕਹਿ ਰਹੇ ਹੋ। ਮੈਂ ਧਾਰਮਕ ਆਦਮੀ ਹਾਂ, ਇਸ ਲਈ ਇਹਨਾਂ ਨੂੰ ਧਾਰਮਕ ਸਜ਼ਾ ਹੀ ਦਿਆਂਗਾ। ਅੱਗੋਂ ਵਾਸਤੇ ਇਹਨਾਂ ਤੋਂ ਪ੍ਰਣ ਕਰਵਾਵਾਂਗਾ ਕਿ ਬੇਈਮਾਨੀ, ਰਿਸ਼ਵਤ ਤੋਂ ਬਾਜ ਆਉਣ।" ਪੁੱਛਣ 'ਤੇ ਆਖਣ ਲੱਗੇ

ਵਜ਼ੀਰ ਸਾਹਿਬ ਕਿ "ਇਹਨਾਂ ਸਾਰਿਆਂ ਨੂੰ ਮੈਂ ਅਪੀਲ ਕਰਦਾਂ ਹਾਂ ਕਿ ਦਰਬਾਰ ਸਾਹਿਬ ਅੰਮ੍ਰਿਤਸਰ ਜਾਣ, ਸਮਰੱਥਾ ਮੁਤਾਬਕ ਦੇਗ ਕਰਵਾਉਣ, ਪ੍ਰਕਰਮਾ ਵਿੱਚ ਸੇਵਾ ਕਰਨ ਤੇ ਪਾਠ ਸੁਣਨ। ਹਫਤਾ/ ਦਸ ਦਿਨਾਂ ਦਾ ਪਸ਼ਚਾਤਾਪ ਕਰ ਕੇ ਫਿਰ ਪ੍ਰਣ ਕਰਨ ਕਿ ਅੱਗੋਂ ਰਿਸ਼ਵਤ ਨਹੀਂ ਲਵਾਂਗੇ ਤਾਂ ਮੈ ਸਾਰਿਆਂ ਦੇ ਪਿਛਲੇ ਕੀਤੇ ਹੋਏ ਗੁਨਾਹ ਮੁਆਫ਼ ਹੋਏ ਸਮਝ ਲਵਾਂਗਾ।" ਪੱਤਰਕਾਰਾਂ ਆਖਿਆ ਸੀ ਪਈ ਫਿਰ ਪੁਲੀਸ ਅਤੇ ਅਦਾਲਤਾਂ ਦੀ ਕੀ ਲੋੜ ਹੈ, ਲੁੱਟਾਂ-ਖੋਹਾਂ ਕਰੋ, ਰਿਸ਼ਵਤ ਲਈ ਜਾਉ, ਦੁਨੀਆਂ ਭਰ ਦੇ ਕੁਕਰਮ ਕਰਨ ਤੋਂ ਬਾਅਦ ਕਦੀ ਕਦਾਈਂ ਦਰਬਾਰ ਸਾਹਿਬ ਜਾ ਕੇ ਦੇਗ ਕਰਾਉ, ਇਸ਼ਨਾਨ ਕਰੋ, ਬਾਣੀ ਸੁਣੋ ਤੇ ਸਾਰੇ ਗੁਨਾਹਾਂ ਤੋਂ ਮੁਕਤੀ ਪਾਉ।

ਬਿਲਕੁਲ ਇਸ ਤਰ੍ਹਾਂ ਚੱਲ ਰਹੇ ਹਨ ਸਾਡੇ ਲੀਡਰ ਤੇ ਜਥੇਦਾਰ। ਪਿਛਲੇ ਲੰਮੇ ਅਰਸੇ ਤੋਂ ਵੇਖਦੇ ਆ ਰਹੇ ਹਾਂ ਕਿ ਜਿੰਨੇ ਮਰਜ਼ੀ ਵੱਡੇ ਬੱਜਰ ਪਾਪ ਕਰਦੇ ਜਾਉ, ਗੁਰੂ ਦੀਆਂ ਗੋਲਕਾਂ ਲੁੱਟੋ, ਧਰਮ ਦੇ ਨਾਂ 'ਤੇ ਸਿੱਖਾਂ ਨੂੰ ਕੁਰਾਹੇ ਪਾਉ, ਲੁੱਟ ਕੇ ਖਾਉ, ਵੋਟਾਂ ਮੰਗੋ, ਗੁਰਦਵਾਰਿਆਂ ਨੂੰ ਰਾਜਸੀ ਅਖਾੜੇ ਬਣਾ ਦਿਉ, ਚੌਧਰਾਂ ਤੇ ਗੋਲਕਾਂ ਬਦਲੇ ਇੱਕ-ਦੂਜੇ ਦੇ ਸਿਰ ਪਾੜੋ, ਪੱਗਾਂ ਉਤਾਰੋ, ਦਾੜ੍ਹੀਆਂ ਪੁੱਟੋ, ਅਦਾਲਤਾਂ ਵਿੱਚ ਗੁਰੂ ਕੀਆਂ ਗੋਲਕਾਂ ਨੂੰ ਰੋੜ੍ਹਦੇ ਚਲੇ ਜਾਉ; ਝੂਠ ਬੋਲੋ, ਸ਼ਰਾਬਾਂ ਪੀਉ, ਸ਼ਰਾਬਾਂ ਪਿਆਉ; ਅਫ਼ੀਮ-ਭੁੱਕੀ ਦੀ ਬਲੈਕ ਕਰੋ ਤੇ ਵੋਟਰਾਂ ਨੂੰ ਛਕਾਉ। ਸਾਰੇ ਗੁਰਧਾਮਾਂ 'ਤੇ ਫੌਜਾਂ ਚਾੜ੍ਹ ਦਿਉ, ਹਜ਼ਾਰਾਂ ਨੌਜਵਾਨਾਂ ਨੂੰ ਕੋਹ-ਕੋਹ ਕੇ ਮਾਰ ਦਿਉ; ਅਕਾਲ ਤਖ਼ਤ ਢਾਹ ਦਿਉ (ਬੂਟਾ ਸਿਘ, ਗਿ. ਜੈਲ ਸਿਘ), ਅਕਾਲ ਤਖ਼ਤ ਬਣਾ ਦਿਉ (ਸੰਤਾ ਸਿੰਘ, ਨਿਹੰਗ ਮੁਖੀ); ਅਕਾਲ ਤਖ਼ਤ ਦੇ ਨਾਮ ਮਾਇਆ ਬਟੋਰ ਲਵੋ (ਕਾਰ ਸੇਵਾ), ਅਕਾਲ ਤਖ਼ਤ ਦੀ ਦੁਰਵਰਤੋਂ ਕਰ ਲਵੋ; ਅਰਦਾਸਾਂ ਕਰ ਕੇ, ਕਸਮਾਂ ਖਾ ਕੇ (ਅਕਾਲੀ ਦਲ ਦੇ ਮਰਜੀਵੜੇ) ਮੁਕਰ ਜਾਉ, ਗੁਰੂ ਨੂੰ ਪਿੱਠ ਦੇ ਜਾਉ, ਪੰਥ ਨੂੰ ਖੂਹ ਵਿੱਚ ਸੁੱਟ ਦਿਉ, ਸਭ ਮੁਆਫ਼ ਹੋ ਸਕਦਾ ਹੈ। ਭਾਵੇਂ ਕੋਈ ਸੰਤ ਬਾਣੇ ਵਿੱਚ ਬਲਾਤਕਾਰ ਕਰੇ (ਧਨਵੰਤ ਸਿੰਘ, ਸ਼ਮਸ਼ੇਰ ਸਿੰਘ ਜਗੇੜਾ), ਭਾਵੇਂ ਸੰਤ ਲੋਕ ਖ਼ੁਦ ਡੇਰੇ ਦੇ ਅੰਦਰ (ਨਾਨਕਸਰ ਕਲੇਰਾਂ ਵਾਲੇ) ਕਬਜ਼ੇ ਵਾਸਤੇ ਗੋਲ਼ੀਆਂ ਦੀ ਵਾਛੜ ਨਾਲ ਦੂਜੇ ਸੰਤ ਨੂੰ ਭੁੰਨ ਦੇਣ, ਸਭ ਮੁਆਫ਼ ਹੋ ਸਕਦਾ ਹੈ — ਬਸ ਇੱਕ ਵਾਰੀ ਦਰਬਾਰ ਸਾਹਿਬ ਆਉ, 'ਜਥੇਦਾਰ' ਜੀ ਅੱਗੇ ਪੇਸ਼ ਹੋਵੋ। ਉਹੀ ਦੋਸ਼ੀ ਨੂੰ ਕਰੜੀ ਸਜ਼ਾ ਦੇਣਗੇ। ਭਲਾ ਕੀ ? ਜਾਉ, ਪਰਕਰਮਾ ਵਿੱਚ ਝਾੜੂ ਲਾਉ, ਬਰਤਨ ਮਾਂਜੋ, ਜੋੜੇ ਸਾਫ਼ ਕਰੋ, ਪਾਠ ਸੁਣਿਆ ਕਰੋ (ਲਗਾਤਾਰ ਇੱਕੀ ਦਿਨ ਜਾਂ ਇਕੱਤੀ ਦਿਨ)। ਫਿਰ ਦੇਗ਼ ਕਰਾਉਣੀ, ਗੋਲਕ ਵਿੱਚ ਮਾਇਆ ਪਾਉਣੀ ਤੇ ਪੰਥ ਵਿੱਚ ਵਾਪਸੀ ਦੀ ਅਰਦਾਸ, ਭੁੱਲਾਂ ਬਖਸ਼ਣ ਦੀ ਅਰਦਾਸ ਕਰ ਕੇ ਸਾਰੇ ਗੁਨਾਹ ਧੋ ਦਿੱਤੇ ਜਾਣਗੇ।

ਅਖ਼ੀਰ ਵਿੱਚ ਗੰਭੀਰ ਹੋ ਕੇ ਝਾਤੀ ਮਾਰੋ। ਸ਼ੁਰੂ ਵਿੱਚ ਜ਼ਿਕਰ ਕੀਤਾ ਗਿਆ ਸੀ ਕਿ ਗੁਰੂ ਪਿਆਰ ਵਾਲੇ ਮਾਈ-ਭਾਈ ਹੱਥੀਂ ਸੇਵਾ ਕਰਨੀ ਧੰਨ ਭਾਗ ਜਾਣ ਕੇ ਕਰਿਆ ਕਰਦੇ ਹਨ। ਇਹਨਾਂ ਅੰਦਰ ਗੁਰੂ-ਪਿਆਰ, ਗੁਰਬਾਣੀ ਦਾ ਸਤਿਕਾਰ, ਸੇਵਾ ਦਾ ਉਤਸ਼ਾਹ ਠਾਠਾਂ ਮਾਰਦਾ ਪਰਤੱਖ ਵੇਖਿਆ ਜਾ ਸਕਦਾ ਹੈ। ਭਾਈ ਗੁਰਦਾਸ ਜੀ ਸੇਵਾ ਬਾਰੇ ਲਿਖ ਰਹੇ ਹਨ:

ਗੁਰਸਿਖਾਂ ਗੁਰਸਿਖ ਸੇਵਾ ਲਾਇਆ ॥ ਸਾਧ ਸਗਤ ਕਰਿ ਸੇਵ ਸੁਖ ਫਲ ਪਾਇਆ ॥
ਤਪੜ ਝਾੜਿ ਵਿਛਾਇ ਧੂੜੀ ਨਾਇਆ ॥ ਕੋਰੇ ਮਟ ਆਣਾਇ ਨੀਰ ਭਰਾਇਆ ॥
ਆਣਿ ਮਹਾਂ ਪ੍ਰਸਾਦਿ ਵੰਡਿ ਖੁਆਇਆ॥

(ਭਾਗ 2010)

ਸੰਪੂਰਣ ਗੁਰੂ ਗ੍ਰੰਥ ਸਾਹਿਬ ਵਿੱਚ ਕਿਤੇ ਇੱਕ ਤਿਲ ਮਾਤਰ ਜ਼ਿਕਰ ਨਹੀ ਮਿਲੇਗਾ ਕਿ ਗੁਰਬਾਣੀ ਪੜ੍ਹਨੀ-ਸੁਣਨੀ ਕੋਈ 'ਸਜ਼ਾ' ਹੈ। ਸਗੋਂ ਅਜਿਹੇ ਹੁਕਮ ਬੇਅੰਤ ਹਨ ਕਿ ਸਿੱਖ ਨੇ ਸਦਾ ਹੀ ਗੁਰਬਾਣੀ ਤੋਂ ਅਗਵਾਈ, ਸੇਧ ਲੈ ਕੇ ਜ਼ਿੰਦਗੀ ਬਸਰ ਕਰਨੀ ਹੈ। ਫਿਰ ਸਾਡੇ ਅਖੌਤੀ ਜਥੇਦਾਰ ਭੁੱਲ ਬਖ਼ਸ਼ਣ ਲੱਗਿਆਂ ਬਾਣੀ ਪੜ੍ਹਨ ਦੀ 'ਤਨਖਾਹ' ਕਿਉਂ ਲਾਉਂਦੇ ਹਨ ? ਗੁਰੂ ਘਰ ਵਿੱਚ ਸੇਵਾ ਕਰਨੀ ਪਵਿੱਤਰ ਕਾਰਜ ਹੈ— ਮਾਈ-ਭਾਈ ਸ਼ਰਧਾ ਅਧੀਨ ਖੁਸ਼ੀ ਨਾਲ ਨਿੱਤ ਕਰਦੇ ਵੇਖੀਦੇ ਹਨ। ਪਰ ਭੁੱਲ ਬਖ਼ਸ਼ਾਉਣ ਵਾਲਿਆਂ ਨੂੰ ਇਹੀ ਸੇਵਾ ਕਰਨ ਦੀ 'ਸਜ਼ਾ' ਕਿਵੇਂ ਹੋਈ ? ਅਸਲ ਵਿੱਚ ਸਿੱਖੀ ਦੀਆਂ ਪਵਿੱਤਰ ਭਾਵਨਾਵਾਂ ਨੂੰ ਵਲੂੰਧਰਿਆ ਜਾ ਰਿਹਾ ਹੈ। ਬਹੁਤ ਹੀ ਸੰਵੇਦਨਸ਼ੀਲ ਪਾਵਨ ਗੁਰ-ਹੁਕਮਾਂ ਨੂੰ 'ਤਨਖਾਹ ਜਾਂ ਸਜ਼ਾ' ਵਿੱਚ ਤਬਦੀਲ ਕਰ ਕੇ ਕਤਲ ਕੀਤਾ ਜਾ ਰਿਹਾ ਹੈ। ਵੱਡੀਆਂ ਗੱਦੀਆਂ 'ਤੇ ਬਿਰਾਜਮਾਨ ਬੌਣੇ ਮਨੁੱਖ ਗੁਰਸਿੱਖੀ ਦੀ ਸਤਿਕਾਰਤ ਸ਼ਬਦਾਵਲੀ ਨੂੰ ਦੂਸ਼ਿਤ ਅਤੇ ਕਲੰਕਤ ਕਰ ਰਹੇ ਹਨ। ਜੇ ਗੁਰਬਾਣੀ ਪੜ੍ਹਨੀ-ਸੁਣਨੀ ਸਜ਼ਾ ਹੈ ਤਾਂ ਕੋਈ ਸਿੱਖ ਖੁਸ਼ੀ ਨਾਲ ਬਾਣੀ ਕਿਉਂ ਪੜ੍ਹੇਗਾ ? ਜੇ ਸੇਵਾ ਕਰਨੀ ਸਜ਼ਾ ਹੈ ਤਾਂ ਕੋਈ ਗੁਰੂ-ਪਿਆਰ ਵਿੱਚ ਭਿੱਜ ਕੇ ਸੇਵਾ ਕਿਉਂ ਕਰੇਗਾ ?

ਅਸਲ ਵਿੱਚ ਇਹ 'ਤਨਖਾਹ ਜਾਂ ਡੰਡ' ਤਾਂ ਹੈ ਹੀ ਨਹੀਂ ਪਰ ਰਾਜਸੀ ਲੋਕਾਂ ਦੀ ਮਿਲੀ-ਭੁਗਤ ਸਦਕਾ ਜਥੇਦਾਰਾਂ ਨੇ ਸੇਵਾ ਨੂੰ ਡੰਡ ਵਿੱਚ ਬਦਲ ਦਿੱਤਾ ਕਿਉਂਕਿ ਬਹੁਤੇ ਜਥੇਦਾਰ ਯੋਗਤਾ ਦੇ ਆਧਾਰ 'ਤੇ ਨਹੀਂ ਆਉਂਦੇ ਬਲਕਿ ਪ੍ਰਧਾਨਾਂ (ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਪ੍ਰਧਾਨ ਅਕਾਲੀ ਦਲ) ਦੀ ਜੀ ਹਜ਼ੂਰੀ ਕਰ ਕੇ ਇਹਨਾਂ ਅਹੁਦਿਆਂ 'ਤੇ ਲੱਗਦੇ ਹਨ। ਸਾਰਾ ਸਮਾਂ ਇਹਨਾਂ ਦੀ ਖੁਸ਼ੀ ਹਾਸਲ ਕਰਨ ਵਿੱਚ ਹੀ ਬੀਤ ਜਾਂਦਾ ਹੈ। ਲੇਖਕ ਨਿੱਜੀ ਤੌਰ 'ਤੇ ਗਵਾਹ ਹੈ ਕਿ ਅਖ਼ੌਤੀ ਜਥੇਦਾਰ ਪ੍ਰਧਾਨ ਨੂੰ ਪੁੱਛ ਕੇ ਫ਼ੈਸਲੇ ਕਰਦੇ ਹਨ। ਜੇ ਕਿਸੇ ਸਿੱਖ-ਆਗੂ ਨੇ ਸੱਚਮੁੱਚ ਗ਼ਲਤੀ ਕੀਤੀ ਹੈ ਤਾਂ ਸਭ ਤੋਂ ਪਹਿਲਾਂ ਉਸ ਨੂੰ ਅਹੁਦੇ ਤੋਂ ਬਰਤਰਫ਼ ਕਰਨਾ ਚਾਹੀਦਾ ਹੈ। ਕੀਤੀ ਗਈ ਗ਼ਲਤੀ ਮੁਤਾਬਕ ਇੱਕ ਸਾਲ, ਪੰਜ ਸਾਲ (ਜਾਂ ਘੱਟ-ਵੱਧ) ਤੱਕ ਉਸ ਨੂੰ ਜ਼ਿੰਮੇਵਾਰੀ ਵਾਲੇ ਰੁਤਬੇ ਤੋਂ ਅਲੱਗ ਕਰ ਦਿੱਤਾ ਜਾਵੇ। ਉਹ ਵਿਅਕਤੀ ਮਨੁੱਖਤਾ ਦੀ, ਸਿੱਖੀ ਵਿੱਚ ਵਿਸ਼ਵਾਸ, ਗੁਰਬਾਣੀ ਦਾ ਅਰਥਾਂ ਸਹਿਤ ਗਿਆਨ, ਇਤਿਹਾਸ ਦੀ ਜਾਣਕਾਰੀ, ਸਿੱਖ ਰਹਿਤ ਮਰਿਯਾਦਾ ਦੀ ਪਰਪੱਕਤਾ ਅਤੇ ਨਿੱਜੀ ਜੀਵਨ ਵਿੱਚ ਆਈ ਤਬਦੀਲੀ ਦੀ ਚੰਗੀ ਤਰ੍ਹਾਂ ਪਰਖ ਕੀਤੀ ਜਾਵੇ। ਸਹੀ ਰਾਹ 'ਤੇ ਆ ਜਾਣ ਤੋਂ ਬਾਅਦ ਹੀ ਉਸ ਨੂੰ ਕਿਸੇ ਜ਼ਿੰਮੇਵਾਰੀ ਵਾਲੇ ਅਹੁਦੇ 'ਤੇ ਲੱਗਣ ਦੀ ਇਜਾਜ਼ਤ ਦਿੱਤੀ ਜਾਵੇ। ਕੀ ਜਥੇਦਾਰ ਤੇ ਰਾਜਸੀ ਲੀਡਰ, ਪੰਥਕ ਅਹੁਦੇ ਅਤੇ ਪੰਥਕ ਸਟੇਜਾਂ ਦੀ ਦੁਰਵਰਤੋਂ ਕਰਨ ਤੋਂ ਬਾਜ਼ ਆਉਣਗੇ ? ਕਿ ਜਾਂ ਪਵਿੱਤਰ ਸੇਵਾ ਨੂੰ ਸਜ਼ਾ ਬਣਾ ਕੇ ਹੀ ਸਾਹ ਲੈਣਗੇ ? ਜੋ ਮਾਈ-ਭਾਈ ਪੜ੍ਹ ਰਹੇ ਹਨ ਤੇ ਸਿਦਕਦਿਲੀ ਨਾਲ ਸੇਵਾ ਕਰ ਰਹੇ ਹਨ, ਕੀ ਉਹ ਸਾਰੇ ਕਿਸੇ ਕੀਤੇ ਕੁਕਰਮ ਦੀ ਸਜ਼ਾ ਭੁਗਤ ਰਹੇ ਹਨ ? ਕਿਰਪਾ ਕਰ ਕੇ ਸੇਵਾ ਅਤੇ ਸਜ਼ਾ ਨੂੰ ਅਲੱਗ-ਅਲੱਗ ਰਹਿਣ ਦਿਓ। ਸਿੱਖ ਪੰਥ ਵਿੱਚ ਸਤਿਕਾਰਤ ਸ਼ਬਦਾਵਲੀ ਤੇ ਸਤਿਕਾਰਤ ਭਾਵਨਾਵਾਂ ਦਾ ਘਾਣ ਨਾ ਕਰੋ। ਕੁਕਰਮੀ ਤੇ ਬੇਈਮਾਨ ਰਾਜਸੀ ਲੋਕਾਂ ਵਾਸਤੇ (ਜੇ ਕਰ ਸਕੋ) ਸੱਚਮੁੱਚ ਦੀ ਕੋਈ ਸਜ਼ਾ ਨਿਸਚਿਤ ਕਰੋ। 'ਜਥੇਦਾਰ' ਜੀ, ਕੀ ਇਸ ਤਰ੍ਹਾਂ ਕਰਨ ਦੀ ਸੋਹਣੀ ਪਿਰਤ ਪਾ ਸਕੋਗੇ ?

✪✪✪✪✪

## ਦਸਮ ਗ੍ਰੰਥ ਫੀਚਰ:

## 'ਦਸਮ ਗ੍ਰੰਥ' ਦਾ ਮਸਲਾ ਹੱਲ ਕਿਵੇਂ ਹੋਵੇ ?

ਸਿੱਖ ਵਿਰਸਾ ਨਿਊਜ਼ ਐਂਡ ਵਿਊਜ਼ ਸਰਵਿਸ

ਵੈਸੇ ਤਾਂ 'ਦਸਮ ਗ੍ਰੰਥ' ਦਾ ਵਿਵਾਦ ਉਤਨਾ ਹੀ ਪੁਰਾਣਾ ਹੈ ਜਿਤਨੀ ਇਸ ਗ੍ਰੰਥ ਦੀ ਹੋਂਦ। ਸਮੇਂ-ਸਮੇਂ ਜਿੱਥੇ ਇਸ ਵਿਵਾਦ ਨੂੰ ਹੱਲ ਕਰਨ ਦੇ ਯਤਨ ਹੁੰਦੇ ਰਹੇ, ਉੱਥੇ ਇਸ ਬਾਰੇ ਵਿਵਾਦ ਹੋਰ ਡੂੰਘਾ ਹੁੰਦਾ ਗਿਆ। ਸਮਾਂ ਪੈਣ ਨਾਲ ਇੱਕ ਅਜਿਹੀ ਵਿਚਾਰਧਾਰਾ ਦੇ ਲੋਕ ਵੀ ਪੈਦਾ ਹੋ ਚੁੱਕੇ ਹਨ ਜੋ 'ਦਸਮ ਗ੍ਰੰਥ' ਵਿਚਲੀਆਂ ਅਸ਼ਲੀਲ ਲਿਖਤਾਂ ਨੂੰ ਵੀ ਗੁਰੂ ਸਾਹਿਬ ਦੇ ਨਾਮ ਨਾਲ ਮੜ੍ਹਨ ਤੋਂ ਗੁਰੇਜ਼ ਨਹੀਂ ਕਰ ਰਹੇ। ਪਿਛਲੇ ਕੁਝ ਸਾਲਾਂ ਤੋਂ ਇੱਕ ਵਾਰ ਫਿਰ 'ਦਸਮ ਗ੍ਰੰਥ' ਬਾਰੇ ਚਰਚਾ ਅਕਸਰ ਚੱਲਦੀ ਰਹਿੰਦੀ ਹੈ। ਜਿੱਥੇ ਕਈ ਵਿਦਵਾਨ 'ਦਸਮ ਗ੍ਰੰਥ' ਦੇ ਖ਼ਿਲਾਫ਼ ਲਿਖਦੇ ਹਨ, ਉੱਥੇ ਕਈ 'ਦਸਮ ਗ੍ਰੰਥ' ਦੇ ਹੱਕ ਵਿੱਚ ਲਿਖਦੇ ਹਨ। ਇਸ ਵਕਤ ਤਿੰਨ ਤਰ੍ਹਾਂ ਦੀ ਵਿਚਾਰਧਾਰਾ ਦੇ ਲੋਕ ਹਨ, ਜੋ 'ਦਸਮ ਗ੍ਰੰਥ' ਬਾਰੇ ਗੱਲ ਕਰ ਰਹੇ ਹਨ:

1. ਉਹ ਜੋ 'ਦਸਮ ਗ੍ਰੰਥ' ਨੂੰ ਗੁਰੂ ਗ੍ਰੰਥ ਸਾਹਿਬ ਵਾਂਗ ਮੰਨਦੇ ਹਨ। ਉਨ੍ਹਾਂ ਅਨੁਸਾਰ ਇਸ ਗ੍ਰੰਥ ਵਿੱਚ ਕਿਸੇ ਤਰ੍ਹਾਂ ਦੀ ਸੋਧ ਪ੍ਰਵਾਨ ਨਹੀਂ ਹੋ ਸਕਦੀ। ਸਗੋਂ ਉਨ੍ਹਾਂ ਦਾ ਯਤਨ ਹੈ ਕਿ 'ਦਸਮ ਗ੍ਰੰਥ' ਨੂੰ ਵੀ ਗੁਰਦੁਆਰਿਆਂ ਵਿੱਚ ਗੁਰੂ ਗ੍ਰੰਥ ਸਾਹਿਬ ਦੇ ਨਾਲ ਪ੍ਰਕਾਸ਼ ਕੀਤਾ ਜਾਵੇ, ਇਸ ਤੋਂ ਵੀ ਹੁਕਮਨਾਮਾ ਲਿਆ ਜਾਵੇ, ਇਸ ਦੇ ਵੀ ਅਖੰਡ ਪਾਠ, ਸਹਿਜ ਪਾਠ ਆਦਿ ਰੱਖੇ ਜਾਣ।

2. ਉਹ ਜੋ 'ਦਸਮ ਗ੍ਰੰਥ' ਦੀਆਂ ਕੁਝ ਰਚਨਾਵਾਂ ਨੂੰ ਤਾਂ ਗੁਰੂ ਗੋਬਿੰਦ ਸਿੰਘ ਜੀ ਦੀਆਂ ਰਚਨਾਵਾਂ ਮੰਨਦੇ ਹਨ ਪਰ ਬਹੁਤੀਆਂ ਨੂੰ ਹੋਰ ਕਵੀਆਂ ਦੀਆਂ ਰਚਨਾਵਾਂ ਮੰਨਦੇ ਹਨ। ਉਨ੍ਹਾਂ ਅਨੁਸਾਰ ਇਸ ਗ੍ਰੰਥ ਦਾ ਕਿਤੇ ਵੀ ਪ੍ਰਕਾਸ਼ ਨਹੀਂ ਹੋਣਾ ਚਾਹੀਦਾ; ਇਸ ਵਿੱਚੋਂ ਗੁਰੂ ਸਾਹਿਬ ਦੀਆਂ ਸਾਰੀਆਂ ਰਚਨਾਵਾਂ, ਜੋ ਗੁਰੂ ਗ੍ਰੰਥ ਸਾਹਿਬ ਦੀ ਵਿਚਾਰਧਾਰਾ ਦੇ ਅਨੁਕੂਲ ਹਨ, ਉਨ੍ਹਾਂ ਨੂੰ ਵੱਖ ਕਰ ਕੇ ਵੱਖਰਾ ਗ੍ਰੰਥ ਬਣਾ ਦੇਣਾ ਚਾਹੀਦਾ ਹੈ।

3. ਉਹ ਜੋ ਸਾਰੇ 'ਦਸਮ ਗ੍ਰੰਥ' ਨੂੰ ਗੁਰੂ ਸਾਹਿਬ ਦੀ ਰਚਨਾ ਨਾ ਮੰਨ ਕੇ 52 ਕਵੀਆਂ ਜਾਂ ਹੋਰ ਕਵੀਆਂ ਦੀ ਰਚਨਾ ਮੰਨਦੇ ਹਨ। ਉਨ੍ਹਾਂ ਅਨੁਸਾਰ ਇਸ ਗ੍ਰੰਥ ਨਾਲੋਂ ਗੁਰੂ ਗੋਬਿੰਦ ਸਿੰਘ ਜੀ ਦਾ ਨਾਮ ਹਟਾ ਦੇਣਾ ਚਾਹੀਦਾ ਹੈ ਤੇ ਇਸ ਨੂੰ ਇੱਕ ਆਮ ਗ੍ਰੰਥ ਵਾਂਗ ਰਹਿਣ ਦੇਣਾ ਚਾਹੀਦਾ ਹੈ।

ਸਾਡੀ ਸਮਝ ਅਨੁਸਾਰ, ਜੇ 'ਦਸਮ ਗ੍ਰੰਥ' ਸਬੰਧੀ ਉਠਾਏ ਜਾ ਰਹੇ ਸਵਾਲਾਂ ਦਾ ਗੁਰਬਾਣੀ, ਸਿੱਖ ਇਤਿਹਾਸ, ਦਲੀਲ, ਪੁਰਾਤਨ ਖੋਜਾਂ ਆਦਿ ਦੇ ਆਧਾਰ 'ਤੇ ਸਹੀ ਹੱਲ ਲੱਭਿਆ ਜਾਵੇ ਤਾਂ ਇਸ ਗੁੰਝਲਦਾਰ ਸਮੱਸਿਆ ਦਾ ਹੱਲ ਕੀਤਾ ਜਾ ਸਕਦਾ ਹੈ। ਆਸ ਹੈ ਕਿ 'ਦਸਮ ਗ੍ਰੰਥ' ਦੇ ਹਾਮੀ ਤੇ ਵਿਰੋਧੀ ਇਨ੍ਹਾਂ ਸਵਾਲਾਂ ਦੇ ਜਵਾਬ ਲੱਭਣ ਦੀ ਕੋਸ਼ਿਸ਼ ਕਰਨਗੇ। ਉਹ ਇਸ ਤਰ੍ਹਾਂ ਹਨ:

1. ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ 6 ਗੁਰੂ ਸਾਹਿਬਾਨ ਦੀ ਬਾਣੀ ਦਰਜ ਹੈ। ਸਾਰੇ ਗੁਰੂ ਸਾਹਿਬਾਨ ਨੇ ਆਪਣੀ ਬਾਣੀ ਵਿੱਚ ਆਪਣਾ ਨਾਮ ਨਹੀਂ ਲਿਖਿਆ ਸਗੋਂ ਸਾਰੇ ਸ਼ਬਦ 'ਨਾਨਕ' ਨਾਮ ਹੇਠ ਹੀ ਲਿਖੇ ਮਿਲਦੇ ਹਨ। ਇੱਥੋਂ ਤੱਕ ਕਿ ਪਹਿਲੇ ਪੰਜ ਗੁਰੂ ਸਾਹਿਬਾਨ ਤੋਂ ਬਾਅਦ ਜੇ ਛੇਵੇਂ, ਸੱਤਵੇਂ, ਅੱਠਵੇਂ ਗੁਰੂ ਸਾਹਿਬ ਨੇ ਬਾਣੀ ਨਹੀਂ ਲਿਖੀ, ਪਰ ਗੁਰੂ ਤੇਗ ਬਹਾਦਰ ਜੀ ਨੇ ਬਾਣੀ ਲਿਖੀ ਤਾਂ ਉਨ੍ਹਾਂ ਵੀ 'ਨਾਨਕ' ਨਾਮ ਹੇਠ ਹੀ ਲਿਖੀ। ਫਿਰ ਉਹ ਕਿਹੜੇ ਕਾਰਣ ਹੋ ਸਕਦੇ ਹਨ ਜਿਨ੍ਹਾਂ ਕਰਕੇ ਗੁਰੂ ਗੋਬਿੰਦ ਸਿੰਘ ਜੀ ਨੇ ਇਕੱਲਿਆਂ ਹੀ ਗੁਰੂ ਗ੍ਰੰਥ ਸਾਹਿਬ ਜਿਤਨਾ ਵੱਡਾ 'ਦਸਮ ਗ੍ਰੰਥ' ਲਿਖਿਆ ਪਰ ਇੱਕ ਜਗ੍ਹਾ ਵੀ 'ਨਾਨਕ' ਨਾਮ ਹੇਠ ਇੱਕ ਵੀ ਸ਼ਬਦ ਨਹੀਂ ਲਿਖਿਆ? ਜਿਸ ਤਰ੍ਹਾਂ ਬਾਕੀ ਗੁਰੂ ਸਾਹਿਬਾਨ ਨੇ ਇੱਕ ਵੀ ਸ਼ਬਦ 'ਨਾਨਕ' ਨਾਮ ਤੋਂ ਬਿਨਾਂ ਨਹੀਂ ਲਿਖਿਆ, ਉਸ ਤੋਂ ਸਪਸ਼ਟ ਹੈ ਕਿ ਗੁਰੂ ਨਾਨਕ ਸਾਹਿਬ ਨੇ ਬਾਕੀ ਗੁਰੂ ਸਾਹਿਬਾਨ ਲਈ ਖ਼ਾਸ ਹਦਾਇਤ ਕੀਤੀ ਹੋਈ ਹੋਵੇਗੀ ਕਿ ਉਹ ਆਪਣਾ ਨਾਮ (ਅੰਗਦ ਦੇਵ, ਅਮਰਦਾਸ, ਰਾਮਦਾਸ, ਅਰਜਨ ਦੇਵ, ਤੇਗ ਬਹਾਦਰ) ਨਹੀਂ ਲਿਖ ਸਕਦੇ — ਜਿਸ ਤਰ੍ਹਾਂ ਭਗਤਾਂ ਦੀ ਬਾਣੀ ਵਿੱਚ ਹਰੇਕ ਭਗਤ ਜੀ ਨੇ ਆਪਣਾ ਨਾਮ ਸ਼ਬਦ ਦੇ ਅਖੀਰ ਵਿੱਚ ਲਿਖਿਆ ਹੈ। ਫਿਰ ਉਹ ਕਿਹੜੇ ਕਾਰਣ ਹੋ ਸਕਦੇ ਹਨ, ਜਿਨ੍ਹਾਂ ਕਰਕੇ ਗੁਰੂ ਗੋਬਿੰਦ ਸਿੰਘ ਜੀ ਨੇ ਬਾਕੀ ਨੌਂ ਗੁਰੂ ਸਾਹਿਬਾਨ ਵੱਲੋਂ ਬਣਾਇਆ ਅਸੂਲ ਆਪ ਹੀ ਤੋੜ ਦਿੱਤਾ ਹੋਵੇਗਾ?

2. ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਗੁਰੂ ਸਾਹਿਬਾਨ ਨੇ ਜਿੱਥੇ ਬਾਣੀ ਵਿੱਚ ਸ਼ਬਦ ਦੇ ਅਖੀਰ ਵਿੱਚ ਸਿਰਫ਼ 'ਨਾਨਕ' ਨਾਮ ਵਰਤਿਆ, ਉੱਥੇ ਇਹ ਸਪਸ਼ਟ ਕਰਨ ਲਈ ਕਿ ਕਿਹੜੀ ਬਾਣੀ ਕਿਸ ਗੁਰੂ ਜੀ ਨੇ ਲਿਖੀ ਹੈ, ਸ਼ਬਦ ਦੇ ਸ਼ੁਰੂ ਵਿੱਚ 'ਮਹਲਾ ੧, ੨, ੩, ੪, ੫, ੯' ਵਰਤਿਆ ਹੈ। ਫਿਰ ਉਹ ਕਿਹੜੇ ਕਾਰਣ ਹੋ ਸਕਦੇ ਹਨ ਜਿਨ੍ਹਾਂ ਕਰਕੇ ਗੁਰੂ ਗੋਬਿੰਦ ਸਿੰਘ ਜੀ ਨੇ ਬਾਕੀ ਗੁਰੂ ਸਾਹਿਬਾਨ ਵੱਲੋਂ ਬਣਾਏ ਇਸ ਅਸੂਲ ਨੂੰ ਵੀ ਤੋੜ ਕੇ 'ਦਸਮ ਗ੍ਰੰਥ' ਵਿੱਚ ਕਿਤੇ ਵੀ ਆਪਣੇ-ਆਪ ਨੂੰ 'ਮਹਲਾ ੧੦' ਨਹੀਂ ਲਿਖਿਆ?

3. ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਜਿਨ੍ਹਾਂ 6 ਗੁਰੂ ਸਾਹਿਬਾਨ ਦੀ ਬਾਣੀ ਦਰਜ ਹੈ, ਉਨ੍ਹਾਂ ਨੇ ਆਪਣੇ-ਆਪ ਨੂੰ ਦਾਸ, ਨਿਮਾਣਾ, ਨੀਚ, ਭਾਵ ਆਪਣੇ ਲਈ ਨੀਵੇਂ ਤੋਂ ਨੀਵਾਂ ਸ਼ਬਦ ਵਰਤਿਆ। ਇੱਥੋਂ ਤੱਕ ਕਿ ਉਨ੍ਹਾਂ ਆਪਣੇ-ਆਪ ਨੂੰ 'ਗੁਰੂ' ਵੀ ਨਹੀਂ ਕਿਹਾ। ਇਹ ਤਾਂ ਅਸੀਂ ਸਤਿਕਾਰ ਵਜੋਂ ਉਨ੍ਹਾਂ ਨੂੰ ਗੁਰੂ, ਸਤਿਗੁਰੂ, ਪਾਤਸ਼ਾਹ, ਸ਼ਹਿਨਸ਼ਾਹ ਆਦਿ ਵਿਸ਼ੇਸ਼ਣਾਂ ਨਾਲ ਸੰਬੋਧਨ ਕਰਦੇ ਹਾਂ ਜਾਂ ਪਹਿਲਾਂ ਸਿੱਖ ਕਰਦੇ ਸਨ। ਫਿਰ ਉਹ ਕਿਹੜੇ ਕਾਰਣ ਹੋ ਸਕਦੇ ਹਨ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਬਾਕੀ ਗੁਰੂ ਸਾਹਿਬਾਨ ਵੱਲੋਂ ਬਣਾਏ ਨਿਯਮਾਂ ਨੂੰ ਤੋੜ ਕੇ 'ਦਸਮ ਗ੍ਰੰਥ' ਵਿੱਚ ਆਪਣੇ-ਆਪ ਨੂੰ 'ਸ੍ਰੀ ਮੁਖਵਾਕ ਪਾਤਸ਼ਾਹੀ ੧੦' ਲਿਖਿਆ ਹੈ? ਕੀ ਗੁਰੂ ਸਾਹਿਬ ਆਪਣੇ-ਆਪ ਨੂੰ ਆਪ ਹੀ 'ਪਾਤਸ਼ਾਹੀ ੧੦' ਲਿਖ ਸਕਦੇ ਸਨ?

4. ਸਾਰੇ ਇਤਿਹਾਸਕਾਰਾਂ ਵੱਲੋਂ ਇਹ ਜ਼ਿਕਰ ਆਉਂਦਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਦਮਦਮਾ ਸਾਹਿਬ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਦੁਬਾਰਾ ਸੰਪਾਦਨਾ ਕੀਤੀ। ਕੀ ਕੋਈ ਅਜਿਹਾ ਇਤਿਹਾਸਕ ਪ੍ਰਮਾਣ ਪੇਸ਼ ਕੀਤਾ ਜਾ ਸਕਦਾ ਹੈ ਕਿ ਗੁਰੂ ਜੀ ਨੇ ਆਪਣਾ 'ਦਸਮ ਗ੍ਰੰਥ' ਕਦੋਂ ਤੇ ਕਿੱਥੇ ਲਿਖਿਆ? ਕੀ ਇਹ ਤੱਥ ਸਹੀ ਨਹੀਂ ਹਨ ਕਿ 'ਦਸਮ ਗ੍ਰੰਥ' ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ-ਜੋਤ ਸਮਾਉਣ ਤੋਂ ਘੱਟੋ-ਘੱਟ 30 ਸਾਲ ਬਾਅਦ ਹੋਂਦ ਵਿੱਚ ਆਇਆ ਸੀ?

5. ਤਕਰੀਬਨ ਸਾਰੇ ਇਤਿਹਾਸਕਾਰਾਂ ਵੱਲੋਂ ਇਹ ਮੰਨਿਆ ਗਿਆ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ 'ਹਜ਼ੂਰ ਸਾਹਿਬ' ਵਿਖੇ ਆਪਣੇ ਆਖਰੀ ਸਮੇਂ 'ਸ੍ਰੀ ਗੁਰੂ ਗ੍ਰੰਥ ਸਾਹਿਬ' ਨੂੰ 'ਗੁਰਤਾ ਗੱਦੀ' ਬਖਸ਼ੀ ਸੀ। ਕੀ ਅਜਿਹਾ ਕੋਈ ਇਤਿਹਾਸਕ ਤੱਥ ਪੇਸ਼ ਕੀਤਾ ਜਾ ਸਕਦਾ ਹੈ ਜਿਸ ਤੋਂ ਇਹ ਸਾਬਤ ਹੋਵੇ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਕਿਸੇ ਜਗ੍ਹਾ ਅਜਿਹਾ ਕਿਹਾ ਹੋਵੇ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਇਲਾਵਾ ਮੇਰਾ ਇੱਕ ਵੱਖਰਾ 'ਦਸਮ ਗ੍ਰੰਥ' ਵੀ ਹੈ?

6. ਕਈ 'ਦਸਮ ਗ੍ਰੰਥ' ਦੇ ਹਮਾਇਤੀਆਂ ਨੂੰ ਜਦੋਂ ਇਹ ਕਿਹਾ ਜਾਂਦਾ ਹੈ ਕਿ ਤੁਸੀਂ ਜੇ ਕਹਿੰਦੇ ਹੋ ਕਿ ਸਾਰਾ 'ਦਸਮ ਗ੍ਰੰਥ' ਗੁਰੂ ਜੀ ਦੀ ਰਚਨਾ ਹੈ ਤਾਂ ਫਿਰ ਤੁਸੀਂ ਸੰਗਤ ਵਿੱਚ 'ਤ੍ਰਿਯਾ ਚਰਿਤਰ' ਦੀ ਕਥਾ ਕਰੋ ਤਾਂ ਉਹ ਕਹਿੰਦੇ ਹਨ ਕਿ ਇਸ ਦੀ ਕਥਾ ਸੰਗਤ

ਵਿੱਚ ਨਹੀਂ ਹੋ ਸਕਦੀ। ਕੀ ਕੋਈ ਅਜਿਹਾ ਇਤਿਹਾਸਕ ਪ੍ਰਮਾਣ ਪੇਸ਼ ਕੀਤਾ ਜਾ ਸਕਦਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਕਿਤੇ ਕਿਹਾ ਹੋਵੇ ਕਿ 'ਦਸਮ ਗ੍ਰੰਥ' ਦੇ 'ਤ੍ਰਿਯਾ ਚਰਿਤਰ' ਵਾਲਾ ਭਾਗ ਸਿੱਖ ਬਾਕੀ ਪਰਿਵਾਰ ਤੋਂ ਚੋਰੀਂ ਪੜ੍ਹਿਆ ਕਰਨ?

7. ਕਈ ਵਿਅਕਤੀ ਇਹ ਵੀ ਕਹਿੰਦੇ ਹਨ ਕਿ 'ਦਸਮ ਗ੍ਰੰਥ' ਦੀਆਂ ਬਹੁਤ ਸਾਰੀਆਂ ਰਚਨਾਵਾਂ ਗੁਰੂ ਗੋਬਿੰਦ ਸਿੰਘ ਜੀ ਨੇ ਹਿੰਦੂ ਧਰਮ ਦੇ ਗ੍ਰੰਥਾਂ ਤੋਂ ਪੰਜਾਬੀ ਵਿੱਚ ਉਲੱਥਾ ਕਰਵਾਈਆਂ ਸਨ ਤਾਂ ਕਿ ਸਿੱਖਾਂ ਨੂੰ ਹਿੰਦੂ ਮਿਥਿਹਾਸ ਬਾਰੇ ਜਾਣਕਾਰੀ ਮਿਲ ਸਕੇ। ਜੇ ਉਨ੍ਹਾਂ ਦਾ ਕਿਹਾ ਸਹੀ ਹੈ ਤਾਂ ਕੀ ਕਿਸੇ ਲੇਖਕ ਦੀ ਰਚਨਾ ਦਾ ਉਲੱਥਾ ਕਰਨ ਵਾਲਾ ਉਸ ਦਾ ਮੌਲਿਕ ਲੇਖਕ ਬਣ ਜਾਂਦਾ ਹੈ? ਕੀ ਕਿਸੇ ਦੀ ਰਚਨਾ ਦਾ ਉਲੱਥਾ ਕਰ ਕੇ ਅਸਲ ਲਿਖਾਰੀ ਤੇ ਅਸਲ ਗ੍ਰੰਥ ਦਾ ਨਾਮ ਨਾ ਲਿਖ ਕੇ ਆਪਣਾ ਨਾਮ ਲਿਖ ਲੈਣਾ ਇਖਲਾਕੀ ਤੇ ਕਾਨੂੰਨੀ ਬੇਈਮਾਨੀ ਨਹੀਂ?

8. 'ਦਸਮ ਗ੍ਰੰਥ' ਵਿੱਚ ਜਦੋਂ ਕੋਈ ਰਚਨਾ ਸ਼ੁਰੂ ਹੁੰਦੀ ਹੈ, ਉਸ ਉੱਪਰ ਅੱਜ-ਕੱਲ੍ਹ ਇਹ ਲਿਖਿਆ ਮਿਲਦਾ ਹੈ: 'ਵਾਹਿਗੁਰੂ ਜੀ ਕੀ ਫ਼ਤਹਿ'। ਕੀ ਇਹ ਸੱਚ ਨਹੀਂ ਕਿ ਪੁਰਾਤਨ ਹੱਥ ਲਿਖਤ ਨਕਲਾਂ ਵਿੱਚ ਅਜਿਹਾ ਨਹੀਂ ਸੀ ਤੇ ਛਾਪੇਖਾਨੇ ਵਾਲੀਆਂ ਨਕਲਾਂ ਛਾਪਣ ਵੇਲੇ 'ਵਾਹਿਗੁਰੂ ਜੀ ਕੀ ਫ਼ਤਹਿ' ਵਾਲੀ ਲਾਈਨ ਇਹ ਭੁਲੇਖਾ ਪਾਉਣ ਲਈ ਲਿਖੀ ਗਈ ਤਾਂ ਕਿ ਅਣਜਾਣ ਪਾਠਕ ਇਹ ਸਮਝਣ ਕਿ ਸਚਮੁੱਚ ਹੀ ਇਹ ਰਚਨਾਵਾਂ ਗੁਰੂ ਜੀ ਦੀਆਂ ਹਨ?

9. ਜੇ 'ਦਸਮ ਗ੍ਰੰਥ' ਦੀਆਂ ਸਾਰੀਆਂ ਰਚਨਾਵਾਂ ਗੁਰੂ ਜੀ ਦੀਆਂ ਹਨ ਤਾਂ ਫਿਰ ਉਹ ਕਿਹੜੇ ਕਾਰਣ ਸਨ ਕਿ ਗੁਰੂ ਜੀ ਨੇ ਮਿਥਿਹਾਸਕ ਦੇਵੀ-ਦੇਵਤਿਆਂ, ਅਵਤਾਰਾਂ, ਦੈਂਤਾਂ, ਦੁਸ਼ਟਾਂ, ਵਿਭਚਾਰੀ ਔਰਤਾਂ ਆਦਿ ਦੇ ਜੀਵਨ-ਬਿਰਤਾਂਤ ਤਾਂ ਸੈਂਕੜੇ ਸਫ਼ਿਆਂ ,'ਤੇ ਲਿਖ ਦਿੱਤੇ ਪਰ ਆਪਣੇ ਜਾਨ ਤੋਂ ਪਿਆਰੇ ਸਿੰਘਾਂ (ਜੋ ਕਿ ਗੁਰੂ ਦੇ ਇੱਕ ਹੁਕਮ ਤੋਂ ਜਾਨ ਵਾਰਨ ਲਈ ਤਿਆਰ ਸਨ) 'ਚੋਂ ਕਿਸੇ ਇੱਕ ਬਾਰੇ ਵੀ ਇੱਕ ਸਤਰ ਤੱਕ ਨਹੀਂ ਲਿਖੀ। ਨਾ ਹੀ ਉਨ੍ਹਾਂ ਪੀਰ ਬੁਧੂ ਸ਼ਾਹ ਵਰਗੇ ਆਪਣੇ ਮੁਰੀਦਾਂ ਦਾ ਜ਼ਿਕਰ ਕੀਤਾ, ਨਾ ਭਾਈ ਬਚਿੱਤਰ ਸਿੰਘ ਵਰਗੇ ਯੋਧਿਆਂ ਦਾ ਕਿਤੇ ਜ਼ਿਕਰ ਆਇਆ, ਨਾ ਭਾਈ ਕਨ੍ਹਈਆ ਜੀ ਵਰਗੇ ਸੇਵਾਦਾਰਾਂ ਦਾ ਜ਼ਿਕਰ ਕੀਤਾ — ਇਥੋਂ ਤੱਕ ਕਿ ਚਾਰ ਸਾਹਿਬਜਾਦਿਆਂ ਦੀ ਲਾਸਾਨੀ ਸ਼ਹੀਦੀ ਦਾ ਇਤਿਹਾਸ ਵੀ ਕਿਤੇ ਨਹੀਂ ਆਇਆ?

10. 'ਦਸਮ ਗ੍ਰੰਥ' ਵਿੱਚ ਹਿੰਦੂ ਮਿਥਿਹਾਸ ਨਾਲ ਸਬੰਧਤ ਹਜ਼ਾਰਾਂ ਕਥਾ-ਕਹਾਣੀਆਂ ਦਾ ਜ਼ਿਕਰ ਮਿਲਦਾ ਹੈ। ਫਿਰ ਅਜਿਹੇ ਕਿਹੜੇ ਕਾਰਣ ਸਨ ਕਿ ਗੁਰੂ ਜੀ ਨੇ ਆਪਣੇ ਜੀਵਨ ਦੀ ਹੀ ਨਹੀਂ, ਸਾਰੇ ਗੁਰ ਇਤਿਹਾਸ ਦੀ ਉਸ ਮਹਾਨ ਘਟਨਾ ਦਾ ਕਿਤੇ ਨਾਂ ਵੀ ਨਹੀਂ ਲਿਆ, ਜਦੋਂ ਉਨ੍ਹਾਂ ਨੇ ਆਪਣੇ ਖ਼ਾਸ ਰੂਪ ਖ਼ਾਲਸੇ ਦੀ ਸਾਜਨਾ ਕੀਤੀ ਸੀ?

11. ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਹੱਥੀਂ ਦਮਦਮਾ ਸਾਹਿਬ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪੁਨਰ-ਸੰਪਾਦਨਾ ਕਰਨ ਤੋਂ ਬਾਅਦ ਹਜ਼ੂਰ ਸਾਹਿਬ ਵਿੱਚ ਉਸੇ ਗ੍ਰੰਥ ਨੂੰ ਗੁਰੂ ਦਾ ਦਰਜਾ ਦੇ ਕੇ ਸਿੱਖਾਂ ਦਾ ਸਦੀਵੀ ਗੁਰੂ ਥਾਪ ਦਿੱਤਾ ਸੀ। ਕੀ ਹੁਣ 'ਦਸਮ ਗ੍ਰੰਥ' ਨੂੰ ਮਾਨਤਾ ਦੇ ਕੇ ਅਸੀਂ ਕਿਤੇ ਗੁਰੂ ਦੇ ਉਸ ਹੁਕਮ (ਸਭ ਸਿੱਖਨ ਕੋ ਹੁਕਮ ਹੈ, ਗੁਰੂ ਮਾਨਿਓ ਗ੍ਰੰਥ) ਦੀ ਉਲੰਘਣਾ ਤਾਂ ਨਹੀਂ ਕਰ ਰਹੇ?

ਜੇ 'ਦਸਮ ਗ੍ਰੰਥ' ਦੇ ਹਮਾਇਤੀ ਤੇ ਵਿਰੋਧੀ ਰਲ ਕੇ ਇਨ੍ਹਾਂ ਸਵਾਲਾਂ ਦੇ ਜਵਾਬ ਇਤਿਹਾਸਕ ਤੱਥਾਂ, ਗੁਰਬਾਣੀ ਤੇ ਦਲੀਲ ਦੇ ਅਧਾਰ 'ਤੇ ਲੱਭ ਲੈਣ ਤਾਂ ਇਹ ਮਸਲਾ, ਜੇ ਪੂਰਨ ਤੌਰ 'ਤੇ ਹੱਲ ਨਾ ਵੀ ਹੋਵੇ ਤਾਂ, ਹੱਲ ਕਰਨ ਵਿੱਚ ਸਹਾਈ ਜ਼ਰੂਰ ਹੋਣਗੇ।

ਆਸ ਹੈ ਪਾਠਕ ਇਨ੍ਹਾਂ ਉਠਾਏ ਗਏ ਸਵਾਲਾਂ ਬਾਰੇ ਗੰਭੀਰਤਾ ਨਾਲ ਵਿਚਾਰ ਕਰਨਗੇ।

(ਸਿੱਖੀ ਦਰਦ ਰੱਖਣ ਵਾਲੇ ਇਮਾਨਦਾਰ ਸੰਪਾਦਕ, 'ਸਿੱਖ ਵਿਰਸਾ' ਵੱਲੋਂ ਦਿੱਤੇ ਗਏ ਸੁਝਾਅ ਬਹੁਤ ਸਾਰਥਕ ਅਤੇ ਉਸਾਰੂ ਹਨ। ਸਭਨਾਂ ਨੂੰ ਗੰਭੀਰਤਾ ਨਾਲ ਇਹਨਾਂ ਉੱਤੇ ਵਿਚਾਰ ਕਰਨਾ ਚਾਹੀਦਾ ਹੈ। - ਸੰਪਾਦਕ )

ooooo

# ਇਹੁ ਸਹਸਾ ਇਵ ਜਾਇ

ਇੰਜ: ਜਗਤਾਰ ਸਿੰਘ (ਰੀਟਾਇਰਡ)

ਪ੍ਰਚੱਲਤ ਪ੍ਰੰਪਰਾ ਅਨੁਸਾਰ, ਜਦੋਂ ਤੱਕ ਕਿਸੇ ਵੀ ਵਿਦਾਦਆਤਮਕ ਮੁੱਦੇ ਬਾਰੇ ਪੰਥਕ ਸਹਿਮਤੀ (ਸਰਬੱਤ ਖ਼ਾਲਸਾ ਰਾਹੀਂ) ਨਾਲ ਗੁਰਮਤਾ ਕਰ ਕੇ, ਹੋਏ ਫ਼ੈਸਲੇ ਨੂੰ ਅਕਾਲ ਤਖ਼ਤ ਸਾਹਿਬ ਦੀ ਮੋਹਰ ਥੱਲੇ ਆਦੇਸ਼ ਦੇ ਰੂਪ ਵਿੱਚ ਜਾਰੀ ਕਰ ਕੇ ਨਿਪਟਾਇਆ ਨਹੀਂ ਜਾਂਦਾ, ਉਦੋਂ ਤੱਕ ਕਿਸੇ ਨੂੰ ਵੀ ਉਸ ਮੁੱਦੇ ਦੇ

ਪੱਖ ਜਾਂ ਵਿਰੋਧ ਵਿੱਚ 'ਨਿਰਣਾਇਕ' ਗੱਲ ਨਹੀਂ ਕਹਿਣੀ ਚਾਹੀਦੀ। ਹਾਂ, ਵਿਵਾਦਗ੍ਰਸਤ ਜਾਂ ਅਵਿਵਾਦਗ੍ਰਸਤ ਮੁੱਦੇ ਬਾਰੇ ਕੇਵਲ ਤੇ ਕੇਵਲ ਵਿਚਾਰ ਸਾਂਝੇ ਕਰਨੇ ਬਣਦੇ ਹਨ ਤਾਂ ਜੁ ਸਮਾਂ ਆਉਣ 'ਤੇ ਜਦੋਂ ਪੰਥਕ ਸੋਚ ਉਸ ਮੁੱਦੇ ਬਾਰੇ ਗੁਰਮਤੇ ਦਾ ਰੂਪ ਲਵੇ ਤਾਂ ਉਸ ਸਬੰਧ ਵਿੱਚ ਪ੍ਰਗਟਾਏ ਵੱਖ-ਵੱਖ ਦ੍ਰਿਸ਼ਟੀਕੋਣਾਂ ਨੂੰ ਵੀ ਵਿਚਾਰ ਅਧੀਨ ਲਿਆਂਦਾ ਜਾ ਸਕੇ।

ਉਪਰੋਕਤ ਨੁਕਤਾ-ਨਿਗਾਹ ਅਧੀਨ ਅਤੇ ਕੇਵਲ ਵਿਚਾਰਾਂ ਦੀ ਸਾਂਝ ਦੇ ਉਪਰਾਲੇ ਵਜੋਂ ਦਸਮ ਗ੍ਰੰਥ ਦੇ ਸੰਕਲਨ ਦੇ ਵਿਸ਼ੇ 'ਤੇ ਅਗਲੀਆਂ ਸਤਰਾਂ ਰਾਹੀਂ ਸੰਵਾਦ ਰਚਾਇਆ ਜਾ ਰਿਹਾ ਹੈ।

ਮੈਂ ਆਪਣਾ ਸੰਵਾਦ ਭਾਈ ਕਾਨ੍ਹ ਸਿੰਘ ਨਾਭਾ ਵੱਲੋਂ ਦਸਮ ਗ੍ਰੰਥ ਦੇ ਮੁੱਢ ਤੋਂ ਹੀ ਉਪਜੇ ਵਿਵਾਦ ਸਬੰਧੀ ਕਥਨਾਂ, ਜੋ ਉਨ੍ਹਾਂ ਆਪਣੀ ਪੁਸਤਕ 'ਗੁਰਮਤਿ ਮਾਰਤੰਡ' ਵਿੱਚ ਦਿੱਤੇ ਹਨ, ਨਾਲ ਸ਼ੁਰੂ ਕਰਨ ਦੀ ਖੁੱਲ੍ਹ ਲੈਂਦਾ ਹਾਂ:

(i) "ਕਈ ਨਾਦਾਨ ਸਿੱਖ, ਦਸਮ ਗ੍ਰੰਥ ਨਾਲ ਭੀ ਗੁਰੂ ਸ਼ਬਦ ਦਾ ਪ੍ਰਯੋਗ ਕਰਦੇ ਹਨ ਜੋ ਗੁਰਮਤਿ ਵਿਰੁੱਧ ਹੈ।" (ਪੰਨਾ 415)

(ii) "ਅਸੀਂ ਭਾਈ ਮਨੀ ਸਿੰਘ ਜੀ ਨੂੰ ਪੰਥ ਰਤਨ ਅਤੇ ਧਰਮਵੀਰ ਮੰਨਦੇ ਹੋਏ ਭੀ ਇਹ ਆਖਣੋਂ ਸੰਕੋਚ ਨਹੀਂ ਕਰਦੇ ਕਿ ਭਾਈ ਸਾਹਿਬ ਨੇ ਇਹ ਅਜੇਹੀ ਭੁੱਲ ਕੀਤੀ ਹੈ ਜਿਸ ਤੋਂ ਅਪਾਰ ਹਾਨੀ ਪੁੱਜੀ ਹੈ ਅਰ ਅੱਗੋਂ ਨੂੰ ਭੀ ਭਾਰੀ ਨੁਕਸਾਨ ਹੋਣ ਦਾ ਡਰ ਹੈ।" (ਪੰਨਾ 570)

ਇਸ ਗ੍ਰੰਥ ਦੇ ਸੰਕਲਨ ਨਾਲ ਸਿੱਖ ਮਾਨਸਿਕਤਾ ਵਿੱਚ ਆਇਆ ਉਬਾਲ, ਸਮੇਂ ਦੇ ਬੀਤਣ ਨਾਲ ਬਾਹਰੀ (ਸਿੱਖ ਵਿਰੋਧੀ) ਤੱਤਾਂ ਦੀ ਦਖ਼ਲਅੰਦਾਜ਼ੀ ਕਾਰਣ ਸੁਲਝਣ ਦੀ ਬਜਾਏ ਵਿਕਰਾਲ ਰੂਪ ਧਾਰਨ ਕਰਦਾ ਜਾ ਰਿਹਾ ਹੈ ਅਤੇ ਸੱਚ ਇਹ ਹੈ ਕਿ ਭਾਈ ਕਾਨ੍ਹ ਸਿੰਘ ਨਾਭਾ ਦੀ ਉਪਰੋਕਤ ਟਿੱਪਣੀ ਅੱਜ ਕੌਮ ਦੇ ਸਿਰ ਚੜ੍ਹ ਕੇ ਬੋਲ ਰਹੀ ਹੈ। ਸਿੱਖ ਮਾਨਸਿਕਤਾ ਵਿਰੋਧੀ, ਸ਼ਰਾਰਤੀ ਤੱਤਾਂ ਵੱਲੋਂ ਖੁੱਲ੍ਹੇਆਮ ਬੇ-ਖੌਫ਼ ਅਤੇ ਬੇ-ਰੋਕ ਟੋਕ ਦਸਮ ਗ੍ਰੰਥ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸ਼ਰੀਕ ਵਜੋਂ ਉਭਾਰ ਕੇ ਕੌਮ ਵਿੱਚ ਘਾਤਕ ਅਤੇ ਦੁਬਿਧਾਪੂਰਨ ਵਾਤਾਵਰਣ ਸਿਰਜਿਆ ਜਾ ਰਿਹਾ ਹੈ। ਆਪਣੇ ਮੰਤਵ ਦੀ ਪੂਰਤੀ ਲਈ ਸਿੱਖ ਅਤੇ ਗ਼ੈਰ-ਸਿੱਖ ਸਰੂਪ ਵਿੱਚ ਸਨਾਤਨੀ ਸੋਚ ਦੇ ਧਾਰਨੀਆਂ ਵੱਲੋਂ ਸਿੱਖੀ ਅਤੇ ਸਿੱਖੀ ਸਰੂਪ ਨੂੰ ਖੰਡਨ ਅਤੇ ਕਰੂਪ ਕਰ ਕੇ ਹਿੰਦੂਤਵ ਦੇ ਖਾਰੇ ਸਮੁੰਦਰ ਦੇ ਸਪੁਰਦ ਕਰਨ ਲਈ, ਦਸਮ ਗ੍ਰੰਥ ਵਿਚਲੀਆਂ ਗੁਰੂ-ਸੁਰਤ ਤੋਂ ਵਿਹੂਣੀਆਂ ਰਚਨਾਵਾਂ ਦੇ ਚੋਣਵੇਂ ਅੰਸ਼ਾਂ ਨੂੰ ਉਨ੍ਹਾਂ ਦੇ ਸੰਦਰਭ ਤੋਂ ਨਿਖੇੜ ਕੇ ਵਰਤਿਆ ਜਾ ਰਿਹਾ ਹੈ। ਕੇਵਲ ਉਹ ਸਤਰਾਂ ਲਈਆਂ ਜਾਂਦੀਆਂ ਹਨ ਜੋ ਸਿੱਖੀ ਦੀ ਹੋਂਦ ਨੂੰ ਨਕਾਰਨ ਵਿੱਚ ਸਹਾਈ ਹੁੰਦੀਆਂ ਹਨ। ਗ਼ੈਰ-ਸਿੱਖ ਜਥੇਬੰਦੀਆਂ ਬੜੀ ਗਰਮ-ਜੋਸ਼ੀ ਨਾਲ ਦਸਮ ਗ੍ਰੰਥ ਦੇ ਪ੍ਰਸਾਰ ਤੇ ਪ੍ਰਚਾਰ ਦੀਆਂ ਗੱਲਾਂ ਕਰਦੀਆਂ ਹਨ। ਉਨ੍ਹਾਂ ਦਾ ਦਸਮ ਗ੍ਰੰਥ ਸਬੰਧੀ ਇਹ ਹੇਜ ਸਿਰਫ ਗੁਰੂ ਗ੍ਰੰਥ ਸਾਹਿਬ ਦੀ ਮਹਾਨਤਾ ਨੂੰ ਅੱਖੋਂ ਪਰੋਖੇ ਕਰਨ ਤੋਂ ਸਿਵਾ ਹੋਰ ਕੁਝ ਵੀ ਨਹੀਂ। ਪਿੱਛੇ ਜਹੇ ਹੀ, ਅਸਾਂ ਸਾਰਿਆਂ ਨੇ ਵੇਖਿਆ ਹੈ ਕਿ ਕਿਸ ਤਰ੍ਹਾਂ ਦੇ ਸਤਿਕਾਰ ਨਾਲੋਂ ਦਸਮ ਗ੍ਰੰਥ ਦੇ ਸਤਿਕਾਰ ਦਾ ਬੇਲੋੜਾ ਵਿਵਾਦ ਖੜ੍ਹਾ ਕੀਤਾ ਗਿਆ (ਪਟਨੇ ਦੇ ਭਾਈ ਇਕਬਾਲ ਸਿੰਘ ਅਤੇ ਪਟਨਾ ਸਾਹਿਬ ਪ੍ਰਬੰਧਕ ਬੋਰਡ ਦੇ ਪ੍ਰਧਾਨ ਭਾਈ ਮਹਿੰਦਰ ਸਿੰਘ ਰੁਮਾਣਾ ਵਾਲਾ ਕੇਸ), ਜਦੋਂ ਕਿ ਅਸਲੀਅਤ ਇਹ ਹੈ ਕਿ ਸਾਰੀ ਦੀ ਸਾਰੀ ਸਿੱਖ ਕੌਮ ਇਸ ਮਸਲੇ ਤੇ ਦ੍ਰਿੜ੍ਹ ਸੰਕਲਪ ਅਤੇ ਇੱਕ ਮੱਤ ਹੈ ਕਿ :-

(i) ਆਗਿਆ ਭਈ ਅਕਾਲ ਕੀ ਤਬੀ ਚਲਾਇਉ ਪੰਥ॥
ਸਭ ਸਿਖਨ ਕੋ ਹੁਕਮ ਹੈ, ਗੁਰੂ ਮਾਨਿਓ ਗ੍ਰੰਥ॥
ਗੁਰੂ ਗ੍ਰੰਥ ਜੀ ਮਾਨਿਓ ਪ੍ਰਗਟ ਗੁਰਾਂ ਕੀ ਦੇਹ।
ਜੋ ਪ੍ਰਭ ਕਓ ਮਿਲਬੋ ਚਹੇ, ਖੋਜ ਸਬਦ ਮਹਿ ਲੇ॥ (ਪੰਥ ਪ੍ਰਕਾਸ਼, ਗਿਆਨੀ ਗਿਆਨ ਸਿੰਘ)

(ii) ਅਕਾਲ ਖੁਰਖ ਕੇ ਬਚਨ ਸਿਓ ਪ੍ਰਗਟ ਚਲਾਇਓ ਪੰਥ॥
ਸਭ ਸਿਖਨ ਕੋ ਬਚਨ ਹੈ ਗੁਰੂ ਮਾਨਿਓ ਗਰੰਥ॥
ਥਾਪ ਚਲਿਓ ਜੋ ਜਗਤ ਮਹਿ ਤਿਨਹਿ ਨਿਵਾਵਹੁ ਮਾਥ॥ (ਰਹਿਤਨਾਮਾ ਭਾਈ ਪ੍ਰਹਿਲਾਦ ਸਿੰਘ)

(iii) ਮੇਰਾ ਰੂਪ ਗ੍ਰੰਥ ਜੀ ਜਾਣ ਇਸ ਮੇਂ ਭੇਦ ਨਹੀਂ ਕਛੁ ਮਾਨ॥ (ਰਹਿਤਨਾਮਾ ਭਾਈ ਨੰਦ ਲਾਲ)

ਪਰੰਤੂ ਏਧਰ ਆਲਮ ਇਹ ਹੈ ਕਿ ਸਿੱਖੀ ਸਰੋਕਾਰਾਂ ਤੋਂ ਵਿਹੂਣੀ ਸਿੱਖ ਲੀਡਰਸ਼ਿੱਪ ਨੇ ਹਮੇਸ਼ਾਂ ਹੀ ਸਿੱਖੀ ਦੀ ਚੜ੍ਹਤ, ਸ਼ਾਨੋ-ਸ਼ੌਕਤ, ਗੌਰਵ ਅਤੇ ਮਾਣ ਮਰਿਯਾਦਾ ਦੀ ਅਣਦੇਖੀ ਕਰਦਿਆਂ, ਕਦੀ ਵੀ ਉਪਰੋਕਤ ਵਰਤਾਰੇ 'ਤੇ ਧਿਆਨ ਕੇਂਦਰਿਤ ਨਹੀਂ ਕੀਤਾ। ਸਗੋਂ, ਹਰ ਮਰਹਲੇ 'ਤੇ ਵੋਟ-ਬੈਂਕ ਦੀ ਰਾਜਨੀਤੀ ਤੋਂ ਗੌਰਵਮਈ ਤੇ ਸ਼ਾਨਾਮੱਤੀਆਂ ਸਿੱਖੀ ਪ੍ਰੰਪਰਾਵਾਂ ਨੂੰ ਨਿੱਜੀ ਮੁਫ਼ਾਦ ਲਈ ਕੁਰਬਾਨ ਕਰਨ ਤੋਂ ਵੀ ਕਦੀ ਗੁਰੇਜ਼ ਨਹੀਂ ਕੀਤਾ। ਦਸਮ ਗੁਰੂ ਨਾਨਕ ਵੱਲੋਂ ਬਖ਼ਸ਼ਿਆ ਅਗੰਮੀ 'ਤੇ ਅਲੌਕਿਕ ਸਿਧਾਂਤ 'ਪੂਜਾ ਅਕਾਲ ਕੀ, ਦੀਦਾਰ ਖ਼ਾਲਸੇ ਦਾ ਅਤੇ ਪਰਚਾ ਸ਼ਬਦ ਕਾ' ਨੂੰ ਤਾਂ ਮਾਨੋ ਚਰੋਕਣੀ ਵਿਦਾਇਗੀ ਹੀ ਦੇ ਚੁੱਕੇ ਹਨ। ਗੁਰ ਭਾਈਓ! ਡੁੱਲ੍ਹੇ ਬੇਰਾਂ ਦਾ ਹਾਲੇ

ਵੀ ਕੁਝ ਨਹੀਂ ਵਿਗੜਿਆ। ਅਗਰ ਹੁਣ ਵੀ ਖ਼ਾਲਸਈ ਜੁਗਤ ਵਰਤ ਕੇ ਪੰਥਕ ਸਫ਼ਾਂ ਵਿੱਚ ਇਸ ਮਸਲੇ ਨੂੰ ਪਹਿਲ ਦੇ ਆਧਾਰ 'ਤੇ ਸੰਜੀਦਾ ਸੰਵਾਦ ਰਚਾ ਕੇ ਕੌਮ ਨੂੰ ਬੇਲੋੜੀ ਦੁਬਿਧਾ 'ਚੋਂ ਕੱਢਣ ਲਈ ਤਤਪਰ ਹੋਇਆ ਜਾਵੇ, ਹੇਠਲੀਆਂ ਸਤਰਾਂ ਵਿੱਚ ਉਠਾਏ ਗਏ ਨੁਕਤਿਆਂ 'ਤੇ ਅਗਰ ਇਮਾਨਦਾਰਾਨਾ ਤੇ ਧੜਿਆਂ ਤੋਂ ਉੱਪਰ ਉੱਠ ਕੇ ਸੰਵਾਦ ਰਚਾਇਆ ਜਾਣਾ ਸੰਭਵ ਹੋ ਸਕੇ ਤਾਂ ਆਸ ਕੀਤੀ ਜਾ ਸਕਦੀ ਹੈ ਕਿ ਪਏ ਹੋਏ ਯਾਂ ਪਾਏ ਹੋਏ ਰੋਲ-ਘਚੋਲੇ 'ਚ ਨਿਖ਼ਾਰ ਦੀ ਅਵਸਥਾ ਸਿਰਜਣੀ ਔਖੀ ਜ਼ਰੂਰ ਹੈ ਪਰ ਕਤੱਈ ਅਸੰਭਵ ਨਹੀਂ।

ਉਪਲਬਧ ਸਿੱਖ ਸਾਹਿਤ ਅਨੁਸਾਰ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰੀ ਕਵੀਆਂ ਵੱਲੋਂ ਰਚੀਆਂ ਗਈਆਂ ਰਚਨਾਵਾਂ ਪਹਿਲਾਂ ਵੱਡ-ਅਕਾਰੀ ਗ੍ਰੰਥ 'ਸਮੁੰਦ੍ਰ-ਸਾਗਰ' ਜਾਂ 'ਵਿੱਦਿਆ-ਸਾਗਰ' ਨਾਮੀ ਗ੍ਰੰਥਾਂ ਵਿੱਚ ਸੰਗ੍ਰਹਿ ਕੀਤੀਆਂ ਗਈਆਂ ਸਨ।

ਸਾਹਿਬ ਰਸਨੀ ਲਗੇ ਹੋਰੁ ਉਚਾਰ ਕਰਨ।
ਸਮੁੰਦ-ਸਾਗਰ 'ਗ੍ਰੰਥ ਜੀ' ਰਸਨੀ ਸਾਹਿਬ ਦੀ ਹੋਰ ਲਗਾ ਬਣਨ।
ਸੋ ਬਡਾ ਅਕਾਰ ਗ੍ਰੰਥ ਜੀ ਦਾ ਬਨਿਆ।
ਇਕਾਨਵੇ ਸਤਰਾਂ ਤਿਸ ਦੀਆਂ ਮੈਂ ਭੀ ਗਣਿਆ॥ 377॥

ਪੰਨਾ 159 (ਬੰਸਾਵਲੀ ਨਾਮਾ ਦਸਾਂ ਪਾਤਸ਼ਾਹੀਆਂ ਕਾ)

ਕੀ ਕਾਰਣ ਹੋ ਸਕਦਾ ਹੈ ਕਿ ਫਿਰ ਇਹ ਸਮੁੰਦ ਸਾਗਰ ਗ੍ਰੰਥ ਗੁਰੂ ਜੀ ਵੱਲੋਂ ਸੰਮਤ 1758 ਵਿੱਚ ਦਰਿਆ ਬੁਰਦ ਕਰਵਾ ਦਿੱਤਾ ਗਿਆ?

ਸੰਮਤ ਸਤਾਰਾਂ ਸੈ ਅਠਵੰਜੇ ਸੋ ਗ੍ਰੰਥ ਜੀ ਨਦੀ ਪਵਾਹਿਆ॥
ਕੋਈ ਕੋਈ ਪੱਤਰਾ ਤਿਸ ਗ੍ਰੰਥ ਜੀ ਦਾ ਸਿਖਾਂ ਹਥਿ ਆਇਆ॥ 1-2/378॥

(ਬੰਸਾਵਲੀ ਨਾਮਾ, ਪੰਨਾ 160)

ਕੀ ਗੁਰੂ ਜੀ ਵੱਲੋਂ ਇਸ ਗ੍ਰੰਥ ਨੂੰ ਖ਼ੁਦ ਹੀ ਦਰਿਆ-ਬੁਰਦ ਕਰਵਾ ਦੇਣਾ ਇਸ ਗੱਲ ਦਾ ਸੂਚਕ ਤਾਂ ਨਹੀਂ ਕਿ 'ਸਮੁੰਦ-ਸਾਗਰ' ਗ੍ਰੰਥ ਵਿੱਚ ਕੇਵਲ ਦਰਬਾਰੀ ਕਵੀਆਂ ਵੱਲੋਂ ਕੀਤੀਆਂ ਰਚਨਾਵਾਂ ਗੁਰਮਤਿ-ਵਿਰੋਧੀ ਸਨ!

(i) ਨਨੂਆ ਬੈਰਾਗੀ ਸ਼ਯਾਮ ਕਬ ਬ੍ਰਹਮ ਭਾਟ ਜੋ ਆਹਿ॥
ਭਾਈ ਨਿਹਚਲ ਦਾਸ ਪੁਨਿ ਬਡੇ ਗੁਨਨਿ ਗੇਨ ਤਾਹਿ॥
ਅਵਰ ਕਿਤਕ ਤਿਨਿ ਨਾਮ ਨ ਜਾਨੋ।
ਲਿਖੇ ਸਗਲ ਪੁਨਿ ਕਰੋਂ ਬਖਾਨੋ॥
ਚਾਰ ਵੇਦ ਦਸ ਅਸ਼ਟ ਪੁਰਾਨ॥
ਛੇ ਸ਼ਾਸਤ੍ਰ ਸਿਮ੍ਰਿਤਿ ਮਤ ਮਾਨ॥
ਚੌਬੀਸ ਅਵਤਾਰ ਕੀ ਭਾਖਾ ਕੀਨ॥
ਚਾਰ ਸੋ ਚਾਰ ਚਰਿਤ੍ਰ ਨਵੀਨ॥
ਰਚਨਾ ਕਰ ਪ੍ਰਭ ਸ੍ਰਵਨ ਕਰਾਈ॥
ਭਏ ਪ੍ਰਸੰਨ ਸਤਿਗੁਰਿ ਮਨ ਭਾਈ॥
ਸੰਸਕ੍ਰਿਤ ਬਹੁ ਭਾਖਾ ਕਰੀ॥
ਵਿਦਿਆ ਸਾਗਰ ਗ੍ਰੰਥ ਪਰ ਚੜੀ॥

(ii) ਬੇਦ ਵਿਦਿਆ ਪ੍ਰਕਾਸ਼ ਕੋ, ਸੰਕਲਪ ਧਰਿਓ ਮਨ ਦਿਆਲ॥
ਪੰਡਤ ਪੁਰਾਨ ਇਕਤ੍ਰ ਕਰ ਭਾਖਾ ਰਚੀ ਬਿਸਾਲ॥

(iii) ਪੜਤੇ ਸੰਹਸਕ੍ਰਿਤ ਮਨ ਉਕਦਾਈ।
ਭਾਖਾ ਪੜਤੇ ਚਿਤ ਲਗਾਈ॥੧੦॥

(iv) ਗੁਰਮੁਖੀ ਲਿਖਾਰੀ ਨਿਕਟ ਬੁਲਾਏ।
ਤਾ ਕੋ ਸਭ ਬਿਧ ਦਈ ਬੁਝਾਏ।
ਕਰ ਭਾਖਾ ਲਿਖੈ ਗੁਰਮੁਖੀ ਭਾਈ।
ਪੁਨਿ ਮੋ ਕੋ ਦੇਹੁ ਕਥਾ ਸੁਣਾਈ।

(ਮਹਿਮਾ ਪ੍ਰਕਾਸ਼- ਬਾਵਾ ਸਰੂਪ ਦਾਸ ਭਲਾ)

ਇੱਥੇ ਇਹ ਕਹਿਣਾ ਵੀ ਅਤਿਕਥਨੀ ਨਹੀਂ ਹੋਵੇਗਾ ਕਿ ਦਰਬਾਰੀ ਕਵੀਆਂ ਦੀਆਂ ਰਚਨਾਵਾਂ ਮਹਿਜ਼ ਇੱਕ ਸਾਹਿਤਕ ਮਸ਼ਕ ਤੱਕ ਹੀ ਸੀਮਤ ਸਨ। ਗੁਰੂ-ਸੁਰਤ ਦੇ ਅਨੁਕੂਲ ਨਾ ਹੋਣ ਕਾਰਣ, ਰੱਖਣ/ਸਾਂਭਣ ਯੋਗ ਨਾ ਪਾਈਆਂ ਗਈਆਂ — ਤਦ ਹੀ ਤਾਂ ਗ੍ਰੰਥ ਦਰਿਆ ਬੁਰਦ ਕਰਵਾ ਦਿੱਤਾ ਗਿਆ।

ਭਾਈ ਕੇਸਰ ਸਿੰਘ ਛਿੱਬਰ ਲਿਖਦਾ ਹੈ ਕਿ 'ਸਮੁੰਦ ਸਾਗਰ' ਗ੍ਰੰਥ ਦਰਿਆ ਬੁਰਦ ਕਰਨ ਤੋਂ ਬਾਅਦ ਗੁਰੂ ਜੀ ਨੇ ਇੱਕ ਹੋਰ ਗ੍ਰੰਥ ਦੀ ਰਚਨਾ ਕਰਵਾਈ ਅਤੇ ਉਸ ਵਿੱਚ ਰਚਨਾਵਾਂ ਹੋਰ ਸਨ:

"ਅਤੇ ਦੂਜਾ ਗ੍ਰੰਥ ਜੀ ਹੋਰੁ ਸਾਹਿਬ ਉਚਾਰ ਕੀਤਾ॥
ਉਸ ਵਿੱਚ ਬਾਣੀਆਂ ਹੋਰੁ, ਇਸ ਵਿੱਚ ਹੋਰ॥
ਵਖੋ ਵਖ ਕਰ ਲੀਤਾ॥ 3-4/378॥
ਇਸ ਵਿਚਿ ਅਵਤਾਰ ਲੀਲਾ, ਲਿਖੀ ਸੀ ਸਪੂਰਨ।
ਉਸ ਵਿਚਿ ਹੋਰ ਅਚਰਜ ਲਿਖਿ ਕੀਤਾ ਸੀ ਪੂਰਨ॥ 1-2/379॥"

ਕੀ ਕਾਰਨ ਹੈ ਕਿ ਕਥਿਤ ਤੌਰ 'ਤੇ ਗ੍ਰੰਥ ਦੇ ਨਾਮ ਵਿੱਚ ਸਮੇਂ-ਸਮੇਂ ਤਬਦੀਲੀਆਂ ਆਉਂਦੀਆਂ ਰਹੀਆਂ? ਕੀ ਇਹ ਵਰਤਾਰਾ ਆਪਣੇ-ਆਪ ਵਿੱਚ ਹੀ ਗ੍ਰੰਥ ਦੇ ਕਰਤਿਤਵ ਬਾਰੇ ਅਨਿਸ਼ਚਿਤਤਾ ਦਾ ਪ੍ਰਤੀਕ ਨਹੀਂ?

(i) ਗਰੰਥ ਜੀ ਕਾ ਪਾਤਸ਼ਾਹੀ-੧੦

(ii) ਗਰੰਥ ਸਾਹਿਬ ਦਸਵੇਂ ਪਾਤਸ਼ਾਹੀ ਜੀ ਕਾ

(iii) ਸ੍ਰੀ ਦਸਮ ਗ੍ਰੰਥ ਸਾਹਿਬ ਜੀ

(iv) ਗੁਰੂ ਗ੍ਰੰਥ ਸਾਹਿਬ ਜੀ ਦਸਮ ਪਾਤਸ਼ਾਹੀ

(v) ਦਸਮ ਗੁਰੂ ਗ੍ਰੰਥ

(vi) ਦਸਮ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ।

ਸਮੇਂ ਦੇ ਵੇਗ ਨਾਲ ਗ੍ਰੰਥ ਦੇ ਨਾਮ 'ਚ ਆਈਆਂ ਤਬਦੀਲੀਆਂ ਅਤੇ ਅੰਤਰ ਦਸਮ ਗ੍ਰੰਥ ਦੇ ਕਾਤਬਾਂ, ਪ੍ਰਕਾਸ਼ਕਾਂ, ਉਪਾਸ਼ਕਾਂ ਅਤੇ ਸਮਰਥਕਾਂ ਦੇ ਧੁਰ ਅੰਦਰ ਸਮੋਏ ਸੰਦੇਹ ਦਾ ਇਜ਼ਹਾਰ ਹੀ ਲੱਗਦਾ ਹੈ।

ਕੀ ਉਪਲਬਧ ਵੱਖ-ਵੱਖ 'ਦਸਮ ਗ੍ਰੰਥ' ਵਿੱਚ ਸੰਕਲਤ ਰਚਨਾਵਾਂ ਦੀ ਗਿਣਤੀ ਘੱਟਦੀ ਵੱਧਦੀ ਨਹੀਂ ਰਹੀ?

ਕੀ ਇਹ ਸੱਚਾਈ ਨਹੀਂ ਕਿ ਕਈ ਰਚਨਾਵਾਂ ਦੇ ਸਰੂਪ ਆਪਸ ਵਿੱਚ ਮੇਲ ਨਹੀਂ ਖਾਂਦੇ ਅਤੇ ਕਈ ਅੱਧੀਆਂ ਪਚੱਧੀਆਂ ਭੀ ਹਨ? ਆਖ਼ਰ ਇਹ ਕਿਉਂ?

ਕੀ ਮੌਜੂਦਾ ਸਰੂਪ ਵਾਲੇ ਦਸਮ ਗ੍ਰੰਥ ਦੇ ਸਮ ਕੋਈ ਗ੍ਰੰਥ (ਇਸੇ ਹੀ ਨਾਮ, ਸਾਈਜ਼, ਆਕਾਰ, ਰਚਨਾ ਕ੍ਰਮ) ਗੁਰੂ ਜੀ ਦੀ ਹਯਾਤੀ ਵਿੱਚ ਰਚਿਆ ਗਿਆ ਸੀ? ਗਿਆਨੀ ਗਿਆਨ ਸਿੰਘ ਦਾ ਮੱਤ ਹੈ ਕਿ ਇਸ ਤਰ੍ਹਾਂ ਦਾ ਕੋਈ ਗ੍ਰੰਥ ਨਹੀਂ ਸੀ।

"ਜੋ ਅਬ ਗ੍ਰੰਥ ਦਸਮ ਗੁਰ ਕੇਰਾ।
ਕਹਿਲਾਵਤ ਮੱਧ ਪੰਥ ਵਡੇਰਾ
ਗੁਰ ਕੇ ਸਮੇ ਬੀੜ ਨਹਿ ਤਾਂਕੀ।

(ਪੰਥ ਪ੍ਰਕਾਸ਼- ਗਿ. ਗਿਆਨ ਸਿੰਘ)

ਜੇ ਨਹੀਂ ਤਾਂ ਇਹ ਰਚਨਾਵਾਂ ਕਿਸ ਸਰੂਪ ਵਿੱਚ ਉਪਲਬਧ ਸਨ?

"ਭਈਂ ਬਾਣੀਆਂ ਰਹੀ ਇਕਾਂਕੀ।
ਅਨਿਕੈ ਠੌਰ ਪੋਥੀਆਂ ਮਾਹਿ"

(ਪੰਥ ਪ੍ਰਕਾਸ਼ - ਗਿ. ਗਿਆਨ ਸਿੰਘ)

ਕੀ ਗੁਰੂ ਜੀ ਦੀ ਹਯਾਤੀ ਵਿੱਚ ਭਾਵਨਾ ਅਧੀਨ ਹੋ ਕੇ ਉਹਨਾਂ ਅਤੇ ਉਹਨਾਂ ਦੇ ਦਰਬਾਰੀ ਕਵੀਆਂ ਵੱਲੋਂ ਲਿਖੀਆਂ ਰਚਨਾਵਾਂ ਨੂੰ ਆਦਿ ਗ੍ਰੰਥ 'ਚ ਮਿਲਾਉਣ ਜਾਂ ਇਹਨਾਂ ਦੇ ਸੰਗ੍ਰਹਿ ਨੂੰ ਆਦਿ ਸ੍ਰੀ ਗੁਰੂ ਗ੍ਰੰਥ ਦੇ ਸਮ ਗ੍ਰੰਥ ਦਾ ਸੰਕਲਪ ਉਭਾਰਿਆ ਨਹੀਂ ਗਿਆ ਸੀ?

(i) "ਸੰਮਤ ਸਤਾਰਾਂ ਸੈ ਪਚਵੰਜੇ।
ਸਿਖਾ ਬੇਨਤੀ ਸਾਹਿਬ ਅਗੇ ਸੀ ਕੀਤੀ।
ਗਰੀਬ ਨਿਵਾਜ ਜੇ ਬਚਨ ਹੋਵੇ ਤਾਂ
ਦੋਹਾਂ ਗ੍ਰੰਥਾ ਦੀ ਜਿਲਦ ਇਕ ਚਹੀਐ ਕਰਿ ਲੀਤੀ।"

(ਬੰਸਾਵਲੀ ਨਾਮਾ)

(ii). "ਹੇ ਸਤਿਗੁਰ ਜੋ ਤੁਮਾਰੀ ਬਾਨੀ।
ਚਾਹੀਏ ਇਕਠਾ ਬੀੜ ਬਨਾਨੀ।
ਆਦਿ ਗਰੰਥ ਸਾਹਿਬ ਸਮ ਗਰੰਥ।
ਇਹ ਭੀ ਬਨ ਹੈ ਮਾਨੇ ਪੰਥ।"

(ਪੰਥ ਪ੍ਰਕਾਸ਼- ਗਿ. ਗਿਆਨ ਸਿੰਘ)

ਕੀ ਗੁਰੂ ਜੀ ਨੇ ਇਸ ਸੰਕਲਪ ਨੂੰ ਮੁੱਢੋਂ ਹੀ ਨਹੀਂ ਨਕਾਰ ਦਿੱਤਾ ਸੀ?

(i). "ਸਾਹਿਬਾ ਬਚਨ ਕੀਤਾ ਏਹਿ ਆਦਿ ਗੁਰੂ ਹੈ ਗ੍ਰੰਥ।
ਉਹ ਅਸਾਡੀ ਖੇਡ ਹੈ ਜੁਦਾ ਰਹੇ ਮਨ ਮੰਥ॥389॥"

(ਬੰਸਾਵਲੀ ਨਾਮਾ)

ਕੀ ਗੁਰੂ ਜੀ ਨੇ ਉਸੇ ਸਮੇਂ ਸਿੱਖਾਂ ਨੂੰ ਭਵਿੱਖ ਵਿੱਚ ਵੀ ਐਸਾ ਨਾ ਕਰਨ ਦੀ ਸਖ਼ਤ ਤਾੜਨਾ ਨਹੀਂ ਕੀਤੀ ਸੀ?

"ਇਹ ਸੁਣ ਦਸਮੇਂ ਗੁਰੂ ਉਚਾਰੀ।
ਗੁਰੂ ਅਰਜਨ ਬਡ ਭਏ ਉਪਕਾਰੀ।
ਤਿਨ ਕੀ ਨਹਿ ਬਰਾਬਰੀ ਚਹੀਏ।
ਨਾ ਹਮ ਕਰੈ, ਨ ਤੁਮ ਫਿਰ ਕਰੀਏ।"

(ਪੰਥ ਪ੍ਰਕਾਸ਼ - ਗਿ. ਗਿਆਨ ਸਿੰਘ)

ਮੌਜੂਦਾ ਸਰੂਪ 'ਚ ਉਪਲਬਧ 'ਦਸਮ ਗ੍ਰੰਥ' ਦਾ ਸੰਕਲਨ ਦਸਮ ਪਾਤਸ਼ਾਹ ਦੇ ਉਪਦੇਸ਼ਾਂ/ਹਦਾਇਤਾਂ ਨੂੰ ਰੱਦਣ ਤੁਲ ਹੀ ਹੈ।

(i) "ਨਾ ਹਮ ਕਰੈਂ, ਨਾ ਤੁਮ ਫਿਰ ਕਰੀਏ" (ਪੰਥ ਪ੍ਰਕਾਸ਼)

ਕੀ ਸਾਡਾ ਇਹ ਕਰਤੱਵ ਨਹੀਂ ਬਣਦਾ ਕਿ ਉਹਨਾ ਤੱਤਾਂ ਅਤੇ ਹਾਲਾਤਾਂ ਦੀ ਨਿਸ਼ਾਨਦੇਹੀ ਕਰਨ ਵਿੱਚ ਯਤਨਸ਼ੀਲ ਹੋ ਕੇ, ਗੁਰੂ- ਸੰਕਲਪ ਦੀ ਉਲੰਘਣਾ ਕਰਨ/ਕਰਵਾਉਣ ਵਿੱਚ ਬੜੀ ਸ਼ਾਤਰਤਾ ਨਾਲ ਪਿੱਛੇ ਰਹਿ ਕੇ ਨਿਰਮਲ ਤੇ ਨਿਆਰੀ ਕੌਮ ਲਈ ਦੁਬਿਧਾ ਦਾ ਸਾਗਰ ਸਿਰਜਣ ਵਿੱਚ ਕਾਮਯਾਬ ਹੋ ਰਹੇ ਤੱਤਾਂ ਨੂੰ ਬੇਨਕਾਬ ਕਰਨ ਵਿੱਚ ਸਹਾਈ ਹੋਈਏ?

ਗੁਰੂ ਘਰ ਦੇ "ਦੀਵਾਨ", ਦਰਬਾਰ ਸਾਹਿਬ (ਅੰਮ੍ਰਿਤਸਰ) ਦੇ ਗ੍ਰੰਥੀ, ਗਿਆਨ ਰਤਨਾਵਲੀ ਅਤੇ ਭਗਤ ਰਤਨਾਵਲੀ ਆਦਿ ਦੇ ਰਚੈਤਾ, ਕਥਿਤ ਦਮਦਮੀ ਬੀੜ ਦੇ ਕਾਤਬ ਹੁੰਦਿਆਂ ਭਾਈ ਮਨੀ ਸਿੰਘ ਜੀ ਦਾ ਗ੍ਰੰਥ ਦੀ ਸੰਕਲਨ ਵਿਧੀ/ਵਿਉਂਤ, ਕ੍ਰਮ, ਤਰਤੀਬ ਆਦਿ ਦੇ ਨਾਲ-ਨਾਲ, ਸਮੇਂ-ਸਮੇਂ ਸਿਰ ਗੁਰੂ ਜੀ ਵੱਲੋਂ ਦਿੱਤੇ ਆਦੇਸ਼ਾਂ

ਬਾਰੇ ਜਾਣਕਾਰ ਹੋਣਾ ਜ਼ਰੂਰੀ ਹੀ ਸੀ।

"ਨਿਜ ਕਰਤੇ ਗੁਰ ਅੰਮ੍ਰਿਤ ਦੀਯੋ। ਮਨੀਏ ਸਿੰਘ ਮਨੀਆ ਕਿਯੋ।

.........................................................

ਮਧ ਖਾਲਸਾ ਇਉਂ ਸੋਹੈ, ਜਿਉ ਗਗਨ ਮਹਿ ਚੰਦ।
ਕਥਾ ਰੋਜ਼ ਗੁਰ ਗ੍ਰੰਥ ਕੀ, ਸੰਗਤ ਤਾਈਂ ਸੁਨਾਇ।
ਅਨੰਦ ਪੁਰੇ ਇਮ ਸਮਾ ਕਛ ਬੀਤ ਗਯੋ ਸੀ ਆਇ।

.........................................................

ਸੇਵਾ ਸੀ ਕਰੰਤ ਕੇ ਰਹੰਤ ਗੁਰਾਂ ਪਾਸ ਸਦਾ।
ਲਿਖ ਲਿਖ ਬਾਨੀ ਕਰੇ ਪੋਥੀਆਂ ਤਿਆਰ ਇਹ।"

(ੳ) ਫਿਰ, ਉਹ ਕਿਹੜੀਆਂ ਪ੍ਰਸਥਿਤੀਆਂ ਸਨ ਕਿ ਭਾਈ ਸਾਹਿਬ ਨੇ ਗੁਰੂ-ਮੱਤ ਵਾਲੀ ਪਰੰਪਰਾਗਤ ਰਾਗ-ਕ੍ਰਮ ਵਿਧੀ ਨੂੰ ਤਿਆਗ ਕੇ ਆਪਣੀ ਮਤ ਅਨੁਸਾਰ ਰਚੈਤਾ-ਕ੍ਰਮ ਵਿਧੀ ਨਾਲ ਨਾ ਕੇਵਲ ਕਥਿਤ ਤੌਰ ਉੱਤੇ ਗ੍ਰੰਥ ਦਾ ਨਵੇਂ ਸਿਰਿਉਂ ਸਕੰਲਨ ਹੀ ਕੀਤਾ ਸਗੋਂ ਉਹ ਰਚਨਾਵਾਂ ਜਿਨ੍ਹਾਂ ਬਾਰੇ ਦਸਮ ਗੁਰੂ ਜੀ ਵੱਲੋਂ ਵੱਖ-ਵੱਖ ਪੋਥੀਆਂ ਵਿੱਚ ਰੱਖਣ ਦਾ ਆਦੇਸ਼ ਦੇ ਰੱਖਿਆ ਸੀ, ਨੂੰ ਵੀ ਇਸੇ ਨਵੇਂ ਸਿਰਜੇ ਗ੍ਰੰਥ ਵਿੱਚ ਦਰਜ ਕਰ ਦਿੱਤਾ?

(ਅ) ਇਸ 'ਦਸਮ ਗ੍ਰੰਥ' ਵਾਲੀ ਬੀੜ ਦੇ ਸੰਕਲਨ ਦੇ ਵਰਤਾਰੇ ਨੂੰ ਭਾਈ ਸਾਹਿਬ ਵਰਗੇ ਗਿਆਨੀ ਤੇ ਪੰਥ ਪ੍ਰਸਤ ਦੇ ਨਾਂ ਨਾਲ ਜੋੜਨ ਪਿੱਛੇ ਪੰਥਕ ਸਫ਼ਾਂ ਵਿੱਚ ਬੈਠੇ ਜਾਂ ਬਾਹਰੀ ਬਿਪਰਵਾਦੀ ਪ੍ਰਵਿਰਤੀਆਂ ਵੱਲੋਂ ਚੱਲੀ ਕੋਈ ਡੂੰਘੀ ਚਾਲ ਹੀ ਜਾਪਦੀ ਹੈ?

(ੲ) ਕੀ ਗਿਆਨੀ ਗਿਆਨ ਸਿੰਘ ਵੱਲੋਂ ਪੰਥ-ਪ੍ਰਕਾਸ਼ ਵਿੱਚ ਲਿਖੇ ਅਨੁਸਾਰ ਭਾਈ ਚੜ੍ਹਤ ਸਿੰਘ ਸਪੁੱਤਰ ਭਾਈ ਸੁੱਖਾ ਸਿੰਘ, ਗ੍ਰੰਥੀ ਪਟਨਾ ਸਾਹਿਬ ਵੱਲੋਂ ਗੁਰੂ ਸਾਹਿਬ ਸਮ/ਵਰਗੀ ਲਿਖਾਈ ਅਤੇ ਦਸਤਖ਼ਤ ਕਰ ਕੇ ਗੁਰੂ ਜੀ ਦੇ ਨਾਮ 'ਤੇ ਖਾਸ ਪੱਤਰੇ ਤਿਆਰ ਕਰ ਕੇ ਗ੍ਰੰਥਾਂ ਵਿੱਚ ਨਹੀਂ ਪਾਏ ਗਏ ਸਨ? ਕੀ ਇਸੇ ਤਰ੍ਹਾਂ ਹੀ ਚੜ੍ਹਤ ਸਿੰਘ ਵੱਲੋਂ ਗ੍ਰੰਥ ਲਿਖਣ ਦਾ ਵਿਵਰਣ ਵੀ ਕਿਸੇ ਬਹੁਤ ਵੱਡੀ ਸਾਜ਼ਿਸ਼ ਦੀ ਇੱਕ ਕੜੀ ਵੱਲ ਹੀ ਤਾਂ ਇਸ਼ਾਰਾ ਨਹੀਂ ਕਰਦਾ?

"ਕਰ ਕੇ ਪਾਂਚ ਪਤਰੇ ਔਰ। ਗੁਰ ਤਰਫੋਂ ਲਿਖ ਪਾਏ ਗੌਰ॥

.............................................................

ਔਰ ਗਰੰਥ ਕਈ ਉਨ ਲਿਖੇ। ਅਖਰ ਗੁਰਸਮ ਹੈ ਹਮ ਪਿਖੈ॥"

(ਗਿ. ਗਿਆਨ ਸਿੰਘ)

(ਸ) ਅਗਰ ਚੜ੍ਹਤ ਸਿੰਘ ਸਪੁੱਤਰ ਭਾਈ ਸੁਖਾ ਸਿੰਘ, ਗ੍ਰੰਥੀ ਪਟਨਾ ਸਾਹਿਬ ਅਤੇ ਭਾਈ ਮਨੀ ਸਿੰਘ ਦੇ ਨਾਵਾਂ ਨਾਲ ਜੋੜੇ ਵਰਤਾਰਿਆਂ ਨੂੰ ਇੱਕ ਥਾਂਵੇਂ ਰੱਖ ਕੇ ਘੋਖਿਆ-ਪੜਤਾਲਿਆ ਜਾਵੇ ਤਾਂ ਕੀ ਇਨ੍ਹਾਂ ਦੋਨਾਂ ਵੱਖੋ-ਵੱਖ ਘਟਨਾਵਾਂ ਦੇ ਪਿੱਛੇ ਕੋਈ ਇੱਕੋ ਤਰਕ ਹੀ ਕ੍ਰਿਆਸ਼ੀਲ ਲੱਗਦਾ ਹੈ?

(ਹ) ਹੋ ਸਕਦਾ ਹੈ ਕਿ ਗਿਆਨੀ ਜੀ ਨੂੰ ਉਪਲਬਧ ਸੀਮਤ ਸਾਧਨ ਉਸ ਸਾਰੇ ਵਰਤਾਰੇ ਨੂੰ ਬੇਨਕਾਬ ਕਰਨ ਲਈ ਕਾਫ਼ੀ ਨਾ ਹੋਣ। ਜੇਕਰ ਅੱਜ ਵੀ ਇਸੇ ਸੇਧ ਵਿੱਚ ਉਪਰਾਲਾ ਕੀਤਾ ਜਾਵੇ ਤਾਂ ਹੋ ਸਕਦਾ ਹੈ ਕਿ ਕਈ ਹੈਰਾਨੀਜਨਕ ਤੱਥ ਸਾਹਮਣੇ ਆਉਣ!

(ਕ) ਭਾਈ ਸਾਹਿਬ ਰਚਿਤ ਗਿਆਨ ਰਤਨਵਾਲੀ, ਭਗਤ ਰਤਨਵਾਲੀ ਇਤਿਆਦਿ ਗ੍ਰੰਥਾਵਲੀਆਂ ਵਿੱਚ ਮੌਜੂਦਾ ਸਰੂਪ ਵਿੱਚ ਸੰਕਲਿਤ 'ਦਸਮ ਗ੍ਰੰਥ' ਬਾਰੇ ਕੋਈ ਵਿਵਰਣ ਨਹੀਂ ਮਿਲਦਾ।

(ਖ) ਉਹ ਚਿੱਠੀ, ਜਿਸ ਨੂੰ ਭਾਈ ਸਾਹਿਬ ਵੱਲੋਂ ਸੰਕਲਿਤ 'ਦਸਮ ਗ੍ਰੰਥ' ਦੇ ਸੰਕਲਨ ਨਾਲ ਜੋੜਿਆ ਜਾਂਦਾ ਹੈ ਦੀ ਪ੍ਰਮਾਣਿਕਤਾ ਸ਼ੱਕੀ ਹੈ ਕਿਉਂਕਿ ਉਸ ਦੀ ਲਿਖਣ-ਵਿਧੀ ਉਸ ਵੇਲੇ ਦੀ ਪ੍ਰਚੱਲਤ ਵਿਧੀ — ਸੰਯੁਕਤ ਅਤੇ ਦੁੱਤ ਅੱਖਰਾਂ — ਦੀ ਨਾ ਹੋ ਕੇ ਅਸੰਯੁਕਤ ਅੱਖਰਾਂ ਵਾਲੀ ਹੈ ਜੋ ਕਿ ਸਮਕਾਲੀਨ ਲਿਖਤਾਂ ਦੇ ਮੱਦੇਨਜ਼ਰ ਪਰੰਪਰਾ ਤੋਂ ਬਿਲਕੁਲ ਉਲਟ ਹੈ ਅਤੇ ਆਧੁਨਿਕ ਪ੍ਰਵਿਰਤੀ ਅਨੁਸਾਰ ਹੈ। ਵਿਦਵਾਨਾਂ ਅਨੁਸਾਰ ਨਾ ਇਹ ਚਿੱਠੀ ਭਾਈ ਸਾਹਿਬ ਦੀ ਲਿਖੀ ਹੋਈ ਹੈ ਅਤੇ ਨਾ ਹੀ ਇਤਿਹਾਸਕ ਹੈ। ਕੀ ਇਹ ਵੀ ਮੰਤਵ ਸਿੱਧੀ ਹਿਤ ਹੀ ਉਸੇ ਲੁਕਵੀਂ ਤੇ ਡੂੰਘੀ ਸਾਜ਼ਿਸ਼ ਦੀ ਹੀ ਇੱਕ ਹੋਰ ਕੜੀ ਤਾਂ ਨਹੀਂ? ਅੱਜ ਉਪਲਭਧ ਵਿਗਿਆਨਕ ਪ੍ਰਣਾਲੀ ਦੀ ਸਹਾਇਤਾ ਨਾਲ ਕਿਸੇ ਵੀ ਦਸਤਾਵੇਜ਼ ਦੇ ਕਾਗਜ਼ ਦੀ ਉਮਰ, ਵਰਤੀ ਗਈ ਸਿਆਹੀ 'ਤੇ ਉਸ ਸਮੇਂ ਦੀ ਲਿਖਣ-ਵਿਧੀ ਦਾ ਨਿਰਣਾ ਕਿਸੇ ਵੀ ਸਬੰਧਤ ਪ੍ਰਯੋਗਸ਼ਾਲਾ ਤੋਂ ਕਰਵਾਇਆ ਜਾ ਸਕਦਾ ਹੈ। ਆਖ਼ਰ ਇਸ ਤੋਂ ਕਿਉਂ ਕਤਰਾਇਆ ਜਾ ਰਿਹਾ ਹੈ? ਅਸਲ ਖ਼ਾਸ ਪੱਤਰੇ (ਉਤਾਰੇ ਨਹੀਂ) ਜਿਹੜਿਆਂ-ਜਿਹੜਿਆਂ ਗ੍ਰੰਥਾਂ ਵਿੱਚ ਉਪਲਭਧ ਹਨ, ਦਾ ਨਿਬੇੜਾ ਵੀ ਇਸ ਵਿਧੀ ਨਾਲ ਉਚਿਤ ਹੈ।

(ਗ) ਕੀ ਪੰਥਕ ਜੁਗਤੀ ਦਾ ਇਸਤੇਮਾਲ ਨਾ ਕਰ ਕੇ, ਭਾਈ ਸਾਹਿਬ ਮਹਿਤਾਬ ਸਿੰਘ ਮੀਰਾਂ ਕੋਟੀਏ ਵੱਲੋਂ 'ਦਸਮ ਗ੍ਰੰਥ' ਸੰਕਲਨ ਵਿਵਾਦ ਬਾਰੇ ਦਿੱਤਾ ਗਿਆ ਫ਼ੈਸਲਾ ਮਹਿਜ਼ ਇੱਕ ਸ਼ਖ਼ਸੀ ਰਾਇ ਨਹੀਂ ਸੀ? ਕੀ ਉਸ ਨੂੰ ਪੰਥਕ ਫ਼ੈਸਲਾ ਕਿਹਾ ਜਾ ਸਕਦਾ ਹੈ? ਇਸ ਬਾਰੇ ਭਾਈ ਕਾਨ੍ਹ ਸਿੰਘ ਨਾਭਾ ਲਿਖਦੇ ਹਨ - "ਪਰ ਪੰਥ ਨੇ ਦਸਮੇਸ਼ ਦੇ ਥਾਪੇ ਨਿਯਮ ਤੋਂ ਵਿਰੁੱਧ ਇਹ ਫ਼ੈਸਲਾ ਸ਼ਖ਼ਸੀ ਰਾਏ ਪੁਰ ਕੀਤਾ। ਚਾਹੀਦਾ ਇਹ ਸੀ ਕਿ ਦਿਵਾਨ ਦੀ ਸਰਬਸੰਮਤੀ ਨਾਲ ਗੁਰਮਤਾ

ਸੋਧਿਆ ਜਾਂਦਾ ਅਰ ਜਿਵੇਂ ਚੌਥੀ ਬੀੜ ਅਪ੍ਰਵਾਨ ਕੀਤੀ ਗਈ ਸੀ, ਤਿਵੇਂ ਇਸ ਬੀੜ ਦੀਆਂ ਪੋਥੀਆਂ ਵੱਖ-ਵੱਖ ਕਰ ਦਿੱਤੀਆਂ ਜਾਂਦੀਆਂ।" (ਗੁਰਮਤਿ ਮਾਰਤੰਡ, ਪੰਨਾ 569-70)

(ਘ) ਮਿਲਦੇ ਗੁਰਮਤਿ ਸਾਹਿਤ/ਗੁਰ-ਇਤਿਹਾਸ ਅਤੇ ਸਿੱਖ ਦਰਸ਼ਨ ਦੇ ਕਿਸੇ ਵੀ ਪੁਰਾਤਨ ਗ੍ਰੰਥ/ਗ੍ਰੰਥਾਂ ਤੋਂ ਦਸਮ ਗ੍ਰੰਥ (ਅਜੋਕੇ ਮਿਲਦੇ ਸਰੂਪ) ਸਮ ਗ੍ਰੰਥ ਦੇ ਸੰਕਲਣ ਦਾ ਗੁਰੂ ਗੋਬਿੰਦ ਸਿੰਘ ਜੀ ਦੀ ਹਯਾਤੀ ਵਿੱਚ ਕੋਈ ਵਰਣਨ/ਗਵਾਹੀ ਨਹੀਂ ਮਿਲਦੀ। ਜੋ ਕੁਝ ਵੀ ਉਪਲਬਧ ਹੈ, ਉਹ ਸਮੁੰਦ੍-ਸਾਗਰ/ਵਿੱਦਿਆ ਸਾਗਰ ਅਤੇ ਦੂਜਾ ਗ੍ਰੰਥ ਇਤਿਆਦਿ ਵਿੱਚ ਗੁਰੂ ਜੀ ਦੇ ਦਰਬਾਰੀ ਕਵੀਆਂ ਦੀਆਂ ਕ੍ਰਿਤਾਂ ਨੂੰ ਸੰਗ੍ਰਹਿ ਕੀਤੇ ਜਾਣ ਤੱਕ ਹੀ ਸੀਮਤ ਹੈ।

ਗੁਰੂ-ਸੁਰਤ ਵਿੱਚ ਆ ਕੇ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ 'ਚ ਬਿਰਾਜ, ਗੁਰੂ-ਪੰਥ ਵੱਲੋਂ ਪ੍ਰਮਾਣਤ ਕੀਤੀਆਂ ਬਾਣੀਆਂ ਨੂੰ ਛੱਡ ਕੇ ਕੀ ਬਾਕੀ ਸਾਰੀਆਂ ਰਚਨਾਵਾਂ ਦਾ ਕਰਤਿਤਵ ਵਿਵਾਦਗ੍ਰਸਤ/ਸ਼ੱਕੀ ਨਹੀਂ? ਕੀ ਇਹ ਉਹੋ ਹੀ ਰਚਨਾਵਾਂ ਤਾਂ ਨਹੀਂ ਜਿਨ੍ਹਾਂ ਨੂੰ ਗੁਰੂ ਜੀ ਨੇ ਖ਼ੁਦ ਦਰਿਆ ਬੁਰਦ ਕਰਵਾਇਆ ਸੀ? ਕਿਉਂਕਿ ਭਾਈ ਕੇਸਰ ਸਿੰਘ ਛਿੱਬਰ ਅਨੁਸਾਰ "ਕੋਈ-ਕੋਈ ਪੱਤਰਾ ਤਿਸ ਗ੍ਰੰਥ ਜੀ ਦਾ ਸਿੱਖਾਂ ਹੱਥ ਆਇਆ"॥ 2/378 ॥ ਭਾਵ 'ਸਮੁੰਦ ਸਾਗਰ' ਗ੍ਰੰਥ ਵਿਚਲੀਆਂ ਅਪ੍ਰਵਾਨ ਰਚਨਾਵਾਂ ਨੂੰ ਹੀ ਤਾਂ ਕਿਸੇ ਖ਼ਾਸ ਲੁਕਵੇਂ ਕਾਰਣ ਨਕਲ ਬਾ-ਮੁਜ਼ਬ ਅਸਲ ਤਾਂ ਨਹੀਂ ਗਰਦਾਨਿਆ ਜਾ ਰਿਹਾ?

ਮਾਰੂਥਲ ਵਿੱਚ ਭਟਕੇ-ਪਿਆਸੇ ਹਿਰਨ ਵਾਂਗ ਹੀ ਸਾਡੇ ਗੁਰਭਾਈ ਗੁਰਮਤਿ ਤਰਕ-ਬੋਧ/ਗੁਰੂ-ਸਿਧਾਂਤ ਵਾਲੀ ਸੋਚ ਅਤੇ ਗੁਰੂ-ਸਿਧਾਂਤ ਪੱਖੋਂ ਚੇਤਨਤਾ ਨੂੰ ਛੱਡ ਕੇ ਮਹਿਜ਼ ਮ੍ਰਿਗ-ਤ੍ਰਿਸ਼ਨਾ ਤਹਿਤ ਬਿਪਰਵਾਦੀ ਰਚਨਾਵਾਂ ਦੇ ਤਾਣੇ-ਪੇਟੇ ਵਿੱਚ ਹੀ ਉਲਝੇ ਹੋਏ ਹਨ।

ਉਨ੍ਹੀਵੀਂ ਸਦੀ ਦੇ ਅਖ਼ੀਰ ਵਿੱਚ 'ਦਸਮ ਗ੍ਰੰਥ' ਦੀ ਸੋਧ ਲਈ ਇੱਕ ਕਮੇਟੀ ਬਣੀ ਜਿਸ ਦਾ ਪੂਰਾ ਨਾਮ 'ਸੋਧਕ ਕਮੇਟੀ ਦਸਮ ਪਾਤਸ਼ਾਹੀ ਸ੍ਰੀ ਗੁਰੂ ਗ੍ਰੰਥ ਸਾਹਿਬ' ਸੀ। ਵੇਖਣ ਵਿੱਚ ਆਇਆ ਹੈ ਕਿ ਇਸ ਕਮੇਟੀ ਦੀ ਰਿਪੋਰਟ ਨੂੰ ਦਸਮ ਗ੍ਰੰਥ ਦੇ ਸਮਰਥਕ ਆਮ ਤੌਰ 'ਤੇ ਗ਼ਲਤ ਪੇਸ਼ (Misinterpret) ਕਰਦੇ ਹਨ। ਜਦੋਂ ਕਿ ਇਸ ਕਮੇਟੀ ਦਾ ਉਦੇਸ਼ ਤੇ ਕਾਰਜ-ਖੇਤਰ ਕੇਵਲ ਉਪਲਬਧ 'ਦਸਮ ਗ੍ਰੰਥਾਂ' ਦੇ ਪਾਠਕ੍ਰਮ ਵਿੱਚ ਇੱਕਸੁਰਤਾ ਲਿਆਉਣਾ ਸੀ ਤੇ ਏਹੀ ਕੰਮ ਕਮੇਟੀ ਨੇ ਕੀਤਾ। ਕਮੇਟੀ ਦੀ ਰਿਪੋਰਟ ਤਿਆਰ ਕਰਦਿਆਂ ਆਮ ਪ੍ਰਚੱਲਤ ਤੇ ਪ੍ਰੰਪਰਾਗਤ ਗਿਆਨੀਆਂ ਵੱਲੋਂ ਪ੍ਰਚਾਰੀ ਜਾਂਦੀ ਧਾਰਨਾ ਨੂੰ ਹੀ ਕਾਨੀ-ਬੱਧ ਰੂਪ ਵਿੱਚ ਬਤੌਰ ਪਿੱਠ ਭੂਮੀ ਦਿੱਤੇ ਜਾਣ ਨੂੰ ਕਿਸੇ ਤਰ੍ਹਾਂ ਵੀ ਗ੍ਰੰਥ ਦੇ ਕਰਤ੍ਰਿਤ੍ਵ ਬਾਰੇ ਕਮੇਟੀ ਦਾ ਨਿਰਣਾ ਨਹੀਂ ਕਿਹਾ ਜਾ ਸਕਦਾ। ਇਸ ਗੱਲ ਦੀ ਪੁਸ਼ਟੀ, ਕਿ ਕਮੇਟੀ ਨੇ ਆਪਣੇ ਕਾਰਜ ਖੇਤਰ ਅਨੁਸਾਰ ਕੇਵਲ ਪਾਠਾਂ ਦੀ ਸੁਧਾਈ ਦਾ ਕੰਮ ਹੀ ਕੀਤਾ, ਰਿਪੋਰਟ ਵਿਚਲੇ ਤੱਥਾਂ ਅਤੇ ਰਿਪੋਰਟ ਦੇ ਪਿਛਲੇ ਪਾਸੇ ਭਾਈ ਸਰਦੂਲ ਸਿੰਘ ਗਿਆਨੀ ਵੱਲੋਂ ਛਪਾਏ ਬਿਨੈ-ਪੱਤਰ, ਇਸ਼ਤਿਹਾਰ ਦੇ ਪਾਠ ਤੋਂ ਸਹਿਜੇ ਹੀ ਕੀਤੀ ਜਾ ਸਕਦੀ ਹੈ।

ਕੀ 'ਗੁਰੂ ਪ੍ਰਤਾਪ ਸੂਰਜ' (ਕਰਤਾ ਭਾਈ ਸੰਤੋਖ ਸਿੰਘ) ਅਤੇ 'ਸ੍ਰੀ ਗੁਰੂ ਪਦ ਪ੍ਰੇਮ ਪ੍ਰਕਾਸ਼' (ਕਰਤਾ ਬਾਬਾ ਸੁਮੇਰ ਸਿੰਘ) ਵਿੱਚ ਦਿੱਤੇ ਵੇਰਵੇ ਨਹੀਂ ਦੱਸਦੇ ਕਿ ਇਹ ਕੰਮ ਕਵੀਆਂ ਦਾ ਹੀ ਹੋ ਸਕਦਾ ਹੈ?

ਸੋ ਹਮ ਪੰਥ ਹੇਤ ਕਰਿਵਾਵੈਂ। ਪਠਹਿ ਆਪ ਸਭ ਹੂੰ ਸੁਣਾਵੈਂ॥
ਹੁਤੇ ਬਵੰਜਾ ਕਵਿ ਗੁਰ ਪਾਸ॥ ਸਭਿ ਹੀ ਬਾਨੀ ਕਰਹਿ ਪ੍ਰਕਾਸ਼॥47॥

(ਰਿਤੁ 3/ ਅੰਸ਼ 51, ਗੁਰ ਪ੍ਰਤਾਪ ਸੂਰਜ)

ਬ੍ਰਾਹਮਣ ਤਿਥੈ ਬੰਸ ਮੈ, ਕੇਸਵ ਸੁਤ ਕਵਿ ਰਾਮ।
ਰੋਪੜ ਮੈ ਭਾਖਾ ਕਰੀ, ਕਵਿ ਤਰੰਗ ਧਰਿ ਨਾਮ॥4॥
ਰਾਮ ਕਵੀ ਭਾਖਾ ਕਰੀ ਤਰ ਕਿ ਨ ਕਰੀਅਹੁ ਕੋਇ।

(ਖ਼ੈਰੁਲ ਤਜਾਰਬ)

ਕੀ ਇਹਨਾਂ ਲਿਖਤਾਂ ਵਿੱਚ ਕਿਤੇ-ਕਿਤੇ ਗੁਰੂ-ਮੱਤ ਦਾ ਦਿੱਤਾ ਮੁਲੰਮਾ, ਕਵੀਆਂ ਨੂੰ ਉਪਲਬਧ ਨੇੜਤਾ ਦੇ ਪ੍ਰਭਾਵ ਅਧੀਨ ਉਪਜੀ ਸ਼ੁਧ-ਸੁਰਤ ਦਾ ਝਲਕਾਰਾ ਮਾਤਰ ਹੈ ਜਾਂ ਕਿਸੇ ਸੋਚੀ-ਸਮਝੀ ਨੀਤੀ ਅਧੀਨ ਮ੍ਰਿਗ-ਤ੍ਰਿਸ਼ਨਾ ਉਪਜਾਉਣ ਲਈ ਬੜੀ ਸਾਵਧਾਨੀ ਨਾਲ ਦਿੱਤਾ ਗੁਰਮਤਿ-ਰੰਗਣ ਦਾ ਤ੍ਰੌਂਕਾ?

ਕੀ ਬਹੁਤੀਆਂ ਲਿਖਤਾਂ ਦੀ ਸਿਰਜਨਾ ਮਹਿਜ਼ ਇੱਕ ਅਕੈਡਮਿਕ ਅਭਿਆਸ ਅਤੇ ਗੁਰਮੁਖੀ ਬੋਲੀ ਵਿੱਚ ਤਰਜਮਾ ਕਰਨ ਤੱਕ ਹੀ ਸੀਮਤ ਨਹੀਂ ਸੀ?

'ਗੁਰਮੁਖੀ ਲਿਖਾਈ ਨਿਕਟ ਬੁਲਾਏ। ਤਾ ਕੋ ਸਭ ਬਿਧ ਦਈ ਬੁਝਾਏ।
ਕਰ ਭਾਖਾ ਲਿਖੈ ਗੁਰਮੁਖ ਭਾਈ। ਪੁਨਿ ਮੋ ਕੋ ਦੇਹੁ ਕਥਾ ਸੁਨਾਈ।'

(ਮਹਿਮਾ ਪ੍ਰਕਾਸ਼)

ਆਖਰੀ ਪਰ ਬਹੁਤ ਮਹੱਤਵਪੂਰਨ, ਕੇਸਰ ਸਿੰਘ ਛਿੱਬਰ ਦੇ 'ਬੰਸਾਵਲੀ ਨਾਮਾ ਦਸਾਂ ਪਾਤਸ਼ਾਹੀਆਂ ਕਾ' ਵਿੱਚ ਲਿਖਣ ਅਨੁਸਾਰ **"ਆਦਿ ਗ੍ਰੰਥ ਅਤੇ ਤਥਾ-ਕਥਿਤ ਦਸ਼ਮੇਸ ਰਚਨਾ ਦਾ ਇੱਕ ਹੀ 'ਗ੍ਰੰਥ' ਬਣਾ ਦਿੱਤਾ ਗਿਆ ਸੀ।"**

**ਆਦਿ ਵਿੱਚੋਂ ਭਗਤ-ਬਾਣੀ ਜੁਦਾ ਕਰਿ ਲਿਖਾਇਆ।**

**ਦੋਹਾਂ ਗ੍ਰੰਥਾਂ ਦੀ ਬੀੜ ਇਕ ਕਰਿ ਬੰਧਾਈ।**
**ਉਹ ਗ੍ਰੰਥ ਕਿਸੇ ਗਰੀਬ ਸਿੱਖ ਡਿਠਾ ਜਾਹੀ॥ 384॥"**

**ਦੇਖ ਪੜ੍ਹ ਕੇ ਸਿਖ ਐਸੋ ਬਚਨੁ ਕਰਿਆ।**
**ਕਹਿਆ: ਭਾਈ ਸਿਖਾ! ਤੁਧ ਭਗਤ ਜੁਦੇ ਕਿਉ ਕਰਿ ਧਰਿਆ।**
**ਤੁਧੁ ਬਧੀ ਮ੍ਰਿਜਾਦਾ ਗੁਰੂ ਜੀ ਦਿਤੀ ਹੈ ਤੋੜੀ।**
**ਤੇਰੇ ਅੰਗੁ ਜੁਦਾ ਜੁਦਾ ਕੀਤੇ ਚਾਹੀਅਨ ਫੋੜੀ॥ 385॥**
....................................
**ਸੋ ਸਿਖ ਦੇ ਬਚਨ ਕਰਿ ਅੰਗੁ ਅੰਗੁ ਉਨ੍ਹਾਂ ਦੇ ਜੁਦਾ ਹੋਇ।**
**ਵਿੱਚ ਲਹੌਰ ਪੜਕੇ ਆਏ, ਜਾਨਤ ਹੈ ਸਭ ਕੋਇ॥ 3-4/ 388॥**

ਕੀ ਕੇਸਰ ਸਿੰਘ ਛਿੱਬਰ ਵੱਲੋਂ ਦਿੱਤਾ ਉਪਰੋਕਤ ਵਿਵਰਣ ਆਪਣੇ-ਆਪ ਵਿੱਚ ਇਹ ਗੱਲ ਸਾਬਤ ਨਹੀਂ ਕਰਦਾ ਕਿ ਭਾਈ ਮਨੀ ਸਿੰਘ ਜੀ ਦੀ ਸ਼ਹੀਦੀ ਦਾ ਕਾਰਣ ਉਨ੍ਹਾਂ ਵੱਲੋਂ 'ਦਸਮ ਗ੍ਰੰਥ' ਦਾ ਆਪਣੀ ਸੋਚ ਅਨੁਸਾਰ ਕੀਤਾ ਸੰਕਲਨ ਸੀ ਜੋ ਅਪ੍ਰਵਾਨ ਕਰ ਦਿੱਤਾ ਗਿਆ; ਤਾਂ ਕੀ ਉਸੇ ਤਰਕ ਨਾਲ ਹੀ ਦਸਮ ਗ੍ਰੰਥ ਨੂੰ ਵੀ ਆਪਣੇ-ਆਪ ਹੀ ਅਪ੍ਰਵਾਨ ਹੋ ਗਿਆ ਸਮਝਿਆ ਨਹੀਂ ਜਾਣਾ ਚਾਹੀਦਾ?

ooooo

## ਸੰਖੇਪ ਇਤਿਹਾਸ 'ਦਸਮ ਗ੍ਰੰਥ'

ਪ੍ਰਿੰਸੀਪਲ ਗਿਆਨੀ ਸੁਰਜੀਤ ਸਿੰਘ, ਸਿੱਖ ਮਿਸ਼ਨਰੀ, ਦਿੱਲੀ

ਸਨਿਮ੍ਰ ਬੇਨਤੀ ਹੈ, ਹੱਥਲੇ ਦਸਮ ਗ੍ਰੰਥ ਵਾਲੇ ਅਤਿ ਸੰਵੇਦਨਸ਼ੀਲ ਵਿਸ਼ੇ 'ਤੇ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਦੋਨਾਂ ਪੱਖਾਂ ਦੇ ਵਿਦਵਾਨਾਂ ਦੀਆਂ ਗੋਸ਼ਟੀਆਂ ਕਰਵਾ ਕੇ, ਪੰਥ ਜਲਦੀ ਹੀ ਨਿਰਣਾਇਕ ਫ਼ੈਸਲੇ ਲਵੇ। ਜਿਨ੍ਹਾਂ ਰਚਨਾਵਾਂ ਬਾਰੇ ਸਾਰਾ ਪੰਥ ਇੱਕ ਮੱਤ ਹੈ ਕਿ ਰਚਨਾਵਾਂ ਦਸਮੇਸ਼ ਜੀ ਦੀਆਂ ਹੀ ਹਨ, ਉਹਨਾਂ ਨੂੰ ਛੱਡ ਕੇ ਬਾਕੀ ਦੋ ਰਾਵਾਂ ਵਾਲੀਆਂ ਰਚਨਾਵਾਂ ਪੰਥਕ ਸਟੇਜਾਂ 'ਤੇ ਪੜ੍ਹਣ ਵਾਸਤੇ ਓਦੋਂ ਤੀਕ ਪੱਕੀ ਰੋਕ ਲਗਾ ਦਿੱਤੀ ਜਾਵੇ ਜਦ ਤੀਕ ਕਿ ਉਹਨਾਂ ਰਚਨਾਂਵਾਂ ਬਾਰੇ ਪੰਥ ਸਪਸ਼ਟ ਨਿਰਣੈ ਨ ਲੈ ਸਕੇ। ਵਿਦਵਾਨਾਂ ਨੂੰ ਡਰ ਹੈ ਕਿ ਕੁਝ ਦੋ ਰਾਵਾਂ ਵਾਲੀਆਂ ਅਤਿ ਲੋਕਪ੍ਰਿਅ ਹੋ ਚੁੱਕੀਆਂ ਅਤੇ ਵੱਧ ਤੋਂ ਵੱਧ ਪੜ੍ਹੀਆਂ ਜਾ ਰਹੀਆਂ ਰਚਨਾਵਾਂ ਦੇ ਸਿੱਟੇ ਵਜੋਂ ਪੰਥ ਦਾ ਇੱਕ ਵੱਡਾ ਹਿੱਸਾ ਬ੍ਰਾਹਮਣੀ ਤਪਾਂ, ਮਾਲਾ ਅਤੇ ਤੀਰਥ ਯਾਤਰਾਵਾਂ ਦਾ ਸ਼ਿਕਾਰ ਹੋ ਜਾਵੇਗਾ ਅਤੇ ਫਿਰ ਇਹ ਘਾਟਾ ਪੂਰਾ ਕਰਨਾ ਕਦੇ ਸੌਖਾ ਨਹੀਂ ਹੋਵੇਗਾ।

**ਦਸਮ ਗ੍ਰੰਥ ਅਤੇ ਦਸਵੇਂ ਪਾਤਸ਼ਾਹ:** ਕਿਸੇ ਗੁਰਸਿੱਖ ਵਾਸਤੇ 'ਦਸਮ' ਸ਼ਬਦ ਕਿਤਨੀ ਖਿੱਚ ਰਖਦਾ ਹੈ ਇਸ ਵਾਸਤੇ ਕੇਵਲ ਇਤਨਾ ਕਹਿ ਦੇਣਾ ਹੀ ਕਾਫ਼ੀ ਹੈ ਕਿ 'ਦਸਮ' ਸ਼ਬਦ ਤੋਂ ਮਾਨੋ ਉਸ ਨੂੰ ਇਉਂ ਮਹਿਸੂਸ ਹੁੰਦਾ ਹੈ ਜਿਵੇਂ ਪ੍ਰਤੱਖ ਦਸ਼ਮੇਸ਼ ਜੀ ਦੇ ਹੀ ਦਰਸ਼ਨ ਹੋ ਰਹੇ ਹਨ। ਸ਼ਾਇਦ ਏਹੀ ਕਾਰਣ ਹੈ ਕਿ ਆਮ ਸੰਗਤਾਂ 'ਦਸਮ ਗ੍ਰੰਥ' ਦੇ ਨਾਮ ਤੋਂ ਹੀ ਇਹ ਪ੍ਰਭਾਵ ਲੈ ਲੈਂਦੀਆਂ ਹਨ ਕਿ ਇਸ ਗ੍ਰੰਥ ਵਿੱਚ ਸ੍ਰੀ ਕਲਗੀਧਰ ਜੀ ਦੀ ਬਾਣੀ ਹੈ ਅਤੇ ਇਸ ਗ੍ਰੰਥ ਦੇ ਵਿਰੋਧ ਵਿੱਚ ਇੱਕ ਵੀ ਲਫ਼ਜ਼ ਸੁਣਨਾ ਪਸੰਦ ਨਹੀਂ ਕਰਦੀਆਂ।

ਸੱਚਾਈ ਇਹ ਹੈ ਕਿ ਇਹ ਗੱਲ ਵੀ ਬੜੇ ਯਕੀਨ ਨਾਲ ਕਹੀ ਜਾ ਸਕਦੀ ਹੈ ਕਿ ਪੰਥ ਅੰਦਰ ਅੱਜ 99 ਫ਼ੀ ਸਦੀ ਸੱਜਣ ਤਾਂ ਓਹ ਹਨ ਜਿਨ੍ਹਾਂ ਨੇ ਕਦੇ ਦਸਮ ਗ੍ਰੰਥ ਦੇ ਦਰਸ਼ਨ ਹੀ ਨਹੀਂ ਕੀਤੇ। ਜੇ ਕੁਝ ਨੇ ਦਰਸ਼ਨ ਕੀਤੇ ਵੀ ਹਨ ਤਾਂ ਓਹਨਾਂ ਵਿੱਚ ਵੀ ਬਹੁਤੇ ਉਹ ਹਨ ਜਿਨ੍ਹਾਂ ਨੇ ਇਸ ਅੰਦਰੋਂ ਕਦੀ ਰਚਨਾ-ਵਸਤੂ ਨੂੰ ਪੜ੍ਹਿਆ ਹੀ ਨਹੀਂ। ਜੇ ਕੁਝ ਨੇ ਪੜ੍ਹਿਆ ਵੀ ਹੈ ਤਾਂ ਗਿਣਤੀ ਦੇ ਸੱਜਣ ਹਨ। ਬਹੁਤਿਆਂ ਨੂੰ ਤਾਂ ਇਸ ਦੇ ਅਰਥ ਹੀ ਸਪਸ਼ਟ ਨਹੀਂ ਹੋਏ। ਬਹੁਤੇ ਪੜ੍ਹਨ ਜਾਂ ਸੁਣਨ ਵਾਲਿਆਂ ਨੂੰ ਤਾਂ ਇਹ ਵੀ ਨਹੀਂ ਪਤਾ ਕਿ ਜਿਹੜੀਆਂ ਪੰਗਤੀਆਂ ਓਹ ਪੜ੍ਹ ਜਾਂ ਸੁਣ ਰਹੇ ਹਨ ਓਹਨਾਂ ਪੰਗਤੀਆਂ ਦਾ ਪਿਛੋਕੜ ਕੀ ਹੈ ਅਤੇ ਆਈਆਂ ਕਿੱਥੋਂ ਹਨ? ਓਹਨਾਂ ਪੰਗਤੀਆਂ ਦਾ ਅੱਗਾ-ਪਿੱਛਾ ਕੀ ਹੈ ਅਤੇ ਕਿਸ ਸੰਬੰਧ ਵਿੱਚ ਹਨ ਭਾਵ ਇਹਨਾਂ ਪੰਗਤੀਆਂ ਦਾ ਪ੍ਰਸੰਗ ਕੀ ਹੈ? ਬਸ, ਜਿਹੜੀਆਂ ਪੰਗਤੀਆਂ ਚੰਗੀਆਂ ਲੱਗੀਆਂ, ਵਿੱਚੋਂ ਚੁੱਕੀਆਂ ਅਤੇ ਓਹਨਾਂ ਦੇ ਅਰਥ ਤੋੜ-ਮਰੋੜ ਕੇ ਆਪਣੀ ਮਰਜ਼ੀ ਨਾਲ ਘੜ ਲਏ। ਅਨੇਕਾਂ ਤਾਂ ਓਹ ਸੱਜਣ ਵੀ ਮਿਲ ਜਾਂਦੇ ਹਨ, ਗੱਲ ਕਰਨ 'ਤੇ ਜਿਹੜੇ ਹੈਰਾਨ ਹੋ ਕੇ ਪੁੱਛਦੇ ਹਨ 'ਕੀ ਅਮਕੀ ਬਾਣੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਨਹੀਂ?'

ਇਸ ਵਾਸਤੇ ਜ਼ਰੂਰੀ ਹੈ ਕਿ ਆਮ ਸੰਗਤਾਂ ਜਿਸ ਨੂੰ ਕੇਵਲ ਸੁਣਨ ਕਰਕੇ ਹੀ 'ਦਸ਼ਮੇਸ਼ ਬਾਣੀ' ਸਮਝ ਰਹੀਆਂ ਹਨ ਓਹਨਾਂ ਨੂੰ ਉਸ ਦੀ ਕੁਝ ਜਾਣਕਾਰੀ ਦਿੱਤੀ ਜਾਵੇ। ਡੁੱਲ੍ਹੇ ਬੇਰਾਂ ਦਾ ਬਹੁਤ ਕੁਝ ਤਾਂ ਵਿਗੜ ਹੀ ਚੁੱਕਾ ਹੈ, ਜੇ ਫੋਕੇ ਤੇ ਅੰਨ੍ਹੇ ਜੋਸ਼ ਵਿੱਚ ਸਮੇਂ ਨੂੰ ਅਜੇ ਵੀ ਨਾ ਸੰਭਾਲਿਆ ਤਾਂ ਆਉਣ ਵਾਲੀਆਂ ਨਸਲਾਂ ਸਾਨੂੰ ਕਦੇ ਮੁਆਫ਼ ਨਹੀਂ ਕਰਨਗੀਆਂ।

**ਦਸਮੇਂ ਪਾਤਸ਼ਾਹ ਜੀ ਕਾ ਗ੍ਰੰਥ?-** ਇਸ ਬਾਰੇ ਕੋਈ ਦੋ ਰਾਵਾਂ ਨਹੀਂ ਕਿ ਦਸ਼ਮੇਸ਼ ਪਿਤਾ ਜੀ ਦੇ ਜੋਤੀ-ਜੋਤ ਸਮਾਉਣ ਸਮੇਂ 'ਦਸਮ ਗ੍ਰੰਥ' ਨਾਮ ਦੀ ਕੋਈ ਰਚਨਾ ਮੌਜੂਦ ਹੀ ਨਹੀਂ ਸੀ। ਗੁਰਦੇਵ ਪਿਤਾ ਨੇ ਆਪ ਜਾਂ ਆਪ ਜੀ ਦੇ ਦਰਬਾਰੀ ਕਵੀਆਂ ਨੇ ਜੋ ਰਚਨਾਵਾਂ

ਪਾਉਂਟਾ ਸਾਹਿਬ ਦੇ ਕਵੀ ਦਰਬਾਰਾਂ ਸਮੇਂ ਰਚੀਆਂ, ਸਭ ਇਤਿਹਾਸਕਾਰ ਇਸ ਗੱਲ ਨਾਲ ਸਹਿਮਤ ਹਨ ਕਿ ਇਹ ਸਾਰੀਆਂ ਰਚਨਾਵਾਂ ਅਨੰਦਪੁਰ ਸਾਹਿਬ ਛੱਡਣ ਸਮੇਂ ਸਰਸਾ ਨਦੀ ਦੀ ਭੇਂਟ ਹੋ ਗਈਆਂ ਜਾਂ ਦੁਸ਼ਮਣਾਂ ਨੇ ਸਾੜ ਦਿੱਤੀਆਂ। ਕੁਝ ਇਤਿਹਾਸਕਾਰਾਂ ਨੇ ਇਹਨਾਂ ਰਚਨਾਵਾਂ ਦਾ ਕੁੱਲ ਵਜ਼ਨ ਨੌਂ ਮਣ ਅਤੇ ਨਾਮ 'ਵਿੱਦਿਆ ਸਾਗਰ' ਜਾਂ 'ਵਿੱਦਿਆ ਧਰ' ਗ੍ਰੰਥ ਦੱਸਿਆ ਹੈ।

ਸੱਚਾਈ ਇਹ ਹੈ ਕਿ ਨੌਂਵੇਂ ਪਾਤਸ਼ਾਹ ਦੀ ਬਾਣੀ ਆਦਿ ਬੀੜ ਵਿੱਚ ਦਰਜ ਕਰਵਾਉਣ ਉਪਰੰਤ, ਮੌਜੂਦਾ 'ਸ੍ਰੀ ਗੁਰੂ ਗ੍ਰੰਥ ਸਾਹਿਬ' ਦਾ ਨਾਮ ਹੀ ਕੁਝ ਸਮੇਂ ਵਾਸਤੇ ਸੰਗਤਾਂ ਵਿੱਚ 'ਦਸਵੇਂ ਪਾਤਸ਼ਾਹ ਜੀ ਕਾ ਗ੍ਰੰਥ' ਕਰਕੇ ਪ੍ਰਚੱਲਤ ਹੋਇਆ ਮਿਲਦਾ ਹੈ ਕਿਉਂਕਿ ਉਸ ਸਮੇਂ ਸੰਗਤਾਂ ਪਾਸ ਦੋਵੇਂ ਤਰ੍ਹਾਂ ਦੀਆਂ ਬੀੜਾਂ ਪ੍ਰਾਪਤ ਸਨः ਪੰਜਵੇਂ ਪਾਤਸ਼ਾਹ ਜੀ ਦੇ ਸਮੇਂ ਤੋਂ ਸੰਪਾਦਤ 'ਆਦਿ ਬੀੜ' ਅਤੇ ਦਸਵੇਂ ਪਾਤਸ਼ਾਹ ਰਾਹੀਂ ਸੰਪੂਰਨਤਾ ਪ੍ਰਾਪਤ ਅਜੋਕੀ ਬੀੜ। ਸੰਗਤਾਂ ਵਿੱਚ ਇਹ ਲਫ਼ਜ਼ ਕੁਝ ਸਮੇਂ ਵਾਸਤੇ ਕੇਵਲ ਪਹਿਚਾਣ ਵਾਸਤੇ ਸੀ। ਅੱਜ ਦੇ ਕੁਝ ਲਿਖਾਰੀ ਜਾਂ ਤਾਂ ਉਹਨਾਂ ਪੁਰਾਤਨ ਲਿਖਤਾਂ ਤੋਂ ਹੀ ਕੁਝ ਭੁਲੇਖਾ ਖਾ ਰਹੇ ਹਨ ਜਾਂ ਫਿਰ ਸ਼ਰਾਰਤੀ ਲੋਕ ਜਾਣ ਬੁੱਝ ਕੇ ਸੰਗਤਾਂ ਨੂੰ ਉਲਝਾਉਣ ਵਾਸਤੇ ਅਜੇਹਾ ਕੁਝ ਭੁਲੇਖਾ ਦੇ ਵੀ ਰਹੇ ਹਨ।

**ਇਹ ਘਪਲਾ ਕਿਸ ਤਰ੍ਹਾਂ ?**– ਸੰਨ 1708 ਵਿੱਚ ਗੁਰਦੇਵ ਦੇ ਜੋਤੀ-ਜੋਤ ਸਮਾਉਣ ਤੋਂ ਬਾਅਦ ਪੰਥ ਉੱਪਰ ਬੜੀ ਭੀੜਾ ਦਾ ਸਮਾਂ ਸੀ। ਕੌਮ ਨੂੰ ਆਪਣੇ ਨਿਸ਼ਾਨੇ ਵੱਲ ਅੱਗੇ ਟੁਰਨ ਵਾਸਤੇ ਜੰਗਲਾਂ, ਰਾਜਸਥਾਨ ਦੇ ਮਾਰੂਥਲਾਂ ਅਤੇ ਪਹਾੜਾਂ ਵਿੱਚ ਸਮਾਂ ਕੱਟਣਾ ਪਿਆ। ਇਤਿਹਾਸ ਵਿੱਚ ਕੁਝ ਅਜੇਹਾ ਜ਼ਿਕਰ ਆਉਂਦਾ ਹੈ ਕਿ ਦਸ਼ਮੇਸ਼ ਜੀ ਦੀਆਂ ਰਚਨਾਵਾਂ ਨੂੰ ਕਿਸ ਤਰ੍ਹਾਂ ਪ੍ਰਾਪਤ ਅਤੇ ਸੁਰੱਖਿਅਤ ਕੀਤਾ ਜਾਵੇ, ਪੰਥਕ ਆਗੂਆਂ ਨੇ ਇਸ ਬਾਰੇ ਭਰਵਾਂ ਯਤਨ ਕੀਤਾ। ਨਤੀਜਾ ਇਹ ਹੋਇਆ ਕਿ ਜਿੱਥੇ ਗੁਰਦੇਵ ਦੀ ਕੁਝ ਬਾਣੀ ਇਕੱਤਰ ਹੋਈ ਓਥੇ ਅਨੇਕਾਂ ਕੱਚੀਆਂ ਰਚਨਾਵਾਂ ਵੀ ਉਸ ਨਾਲ ਇਕੱਤ੍ਰ ਹੋ ਗਈਆਂ। ਵਿਰੋਧੀਆਂ ਨੇ ਵੀ ਸਮੇਂ ਦਾ ਪੂਰਾ-ਪੂਰਾ ਲਾਭ ਉਠਾਇਆ ਅਤੇ ਬਹੁਤੀਆਂ ਰਚਨਾਵਾਂ ਮਿਲਦੇ-ਜੁਲਦੇ ਸ਼ਬਦਾਂ ਵਿੱਚ ਘੜ ਕੇ ਇਕੱਤਰ ਕਰਵਾ ਦਿੱਤੀਆਂ। ਵਿਸ਼ੇਸ਼ ਕਰ ਕਰਮਕਾਂਡੀ ਬ੍ਰਾਹਮਣ ਵਰਗ, ਜਿਸ ਦੀ ਦੁਕਾਨਦਾਰੀ ਨੂੰ ਗੁਰਮਤ ਦੇ ਪ੍ਰਕਾਸ਼ ਨਾਲ ਸਭ ਤੋਂ ਵਧੇਰੇ ਸੱਟ ਪੁੱਜੀ ਸੀ, ਇਸ ਸਮੇਂ ਨੂੰ ਭਲਾ ਕਿਵੇਂ ਗੁਆ ਸਕਦਾ ਸੀ। ਇਸ ਨੇ ਤਾਂ ਪਹਿਲੇ ਜਾਮੇਂ ਤੋਂ ਹੀ ਗੁਰੂ-ਦਰਬਾਰ ਤੇ ਵਾਰ ਕਰਨ ਦਾ ਸਮਾਂ ਕਦੇ ਨਹੀਂ ਸੀ ਖੁੰਝਣ ਦਿੱਤਾ। ਇਸ ਸਮੇਂ ਦਾ ਉਸ ਨੇ ਪੂਰਾ-ਪੂਰਾ ਲਾਭ ਉਠਾਇਆ। ਉਸ ਨੇ ਵੀ ਤਪਾਂ, ਤੀਰਥ ਇਸ਼ਨਾਨਾਂ, ਬ੍ਰਾਹਮਣਾਂ ਨੂੰ ਦਾਨ-ਪੁੰਨ ਅਤੇ ਹੋਰ ਅਨੇਕਾਂ ਬ੍ਰਾਹਮਣੀ ਕਰਮਕਾਂਡਾਂ ਨੂੰ ਗੁਰਮਤ ਦੀ ਚਾਸ਼ਨੀ ਚੜ੍ਹਾ ਕੇ, ਬਲਕਿ ਕਈ ਹਾਲਤਾਂ ਵਿੱਚ ਇਹਨਾਂ ਰਚਨਾਵਾਂ ਦਾ ਸਿੱਧਾ ਸੰਬੰਧ ਗੁਰੂ ਸਾਹਿਬਾਨ ਨਾਲ ਜੋੜ ਕੇ ਜਾਂ ਫ਼ਿਰ ਗੁਰੂ ਸਾਹਿਬ ਦੇ ਹੀ ਮੁਖਾਰਬਿੰਦ ਤੋਂ ਕਢਵਾ ਕੇ, ਬੇਅੰਤ ਰਚਨਾਵਾਂ ਤਿਆਰ ਕੀਤੀਆਂ ਅਤੇ ਇਕੱਤਰ ਕਰਵਾ ਦਿੱਤੀਆਂ ਸਪਸ਼ਟ ਮਾਲੂਮ ਹੁੰਦੀਆਂ ਹਨ। ਠੀਕ ਇਸੇ ਤਰ੍ਹਾਂ ਜਿਸ ਤਰ੍ਹਾਂ ਅਨੇਕਾਂ ਪੁਰਾਤਨ ਬ੍ਰਾਹਮਣੀ ਰਚਨਾਵਾਂ ਨੂੰ ਟਕਸਾਲੀ ਸਿੱਧ ਕਰਨ ਵਾਸਤੇ ਖੇਡਾਂ ਖੇਡੀਆਂ ਮਿਲਦੀਆਂ ਹਨ। ਮਿਸਾਲ ਦੇ ਤੌਰ 'ਤੇ 'ਗਰੁੜ ਪੁਰਾਨ' ਵਾਸਤੇ ਇਸ ਨੂੰ ਵਿਸ਼ਨੂੰ ਜੀ ਨੇ ਆਪਣੇ ਵਾਹਨ ਗਰੁੜ ਨੂੰ ਜੀਵ ਦੀ ਗਤੀ ਵਾਸਤੇ ਸੁਣਾਇਆ– 'ਰਾਮਾਇਣ' ਵਾਸਤੇ ਇਸ ਨੂੰ ਸ਼ਿਵ ਜੀ ਨੇ ਪਾਰਬਤੀ ਨੂੰ ਸੁਣਾਇਆ––ਆਦਿ। ਭਾਵ ਇਹ ਕਿ ਹਰ ਇੱਕ ਸਮੇਂ ਦੇ ਮੰਨੇ ਜਾਂਦੇ ਮਹਾਂਪੁਰਖਾਂ ਜਾਂ ਮਨੁੱਖ ਵਿਸ਼ੇਸ਼ ਨੂੰ ਸਿੱਧੇ ਜਾਂ ਅਸਿੱਧੇ ਬ੍ਰਾਹਮਣ ਨੇ ਆਪਣੇ ਮੱਤ ਦਾ ਉਪਾਸ਼ਕ ਹੀ ਸਿੱਧ ਕੀਤਾ ਹੈ।

ਭਾਰਤ ਵਿੱਚ ਜਨਮੇ ਲਗਾਤਾਰ 1300 ਸਾਲਾਂ ਤੀਕ ਆਪਣੀਆਂ ਜੜ੍ਹਾਂ ਜਮਾ ਚੁੱਕੇ ਅਤੇ ਰਾਜ-ਪਾਟ ਦੇ ਮਾਲਕ ਤੀਕ ਬਣ ਚੁੱਕੇ ਬੁੱਧ ਧਰਮ ਦੀ ਤਾਂ ਜੜ੍ਹ ਵੀ ਹਿੰਦੁਸਤਾਨ ਵਿੱਚੋਂ ਕੱਟ ਦਿੱਤੀ। ਮਹਾਂਵੀਰ ਜੈਨ ਅਤੇ ਮਹਾਤਮਾ ਬੁੱਧ ਨੂੰ ਵਿਸ਼ਨੂੰ ਦਾ ਅਵਤਾਰ ਘੋਸ਼ਿਤ ਕਰ ਕੇ, ਓਹਨਾਂ ਦੀਆਂ ਮੂਰਤੀਆਂ ਨੂੰ ਮੰਦਰਾਂ ਵਿੱਚ ਟਿਕਾ ਕੇ ਕਿਹੜੀ ਖੇਡ ਖੇਡੀ ਗਈ, ਸਮਝਦੇ ਦੇਰ ਨਹੀਂ ਲੱਗਦੀ। ਸਿੱਖ ਧਰਮ ਉੱਪਰ ਤਾਂ ਅਜੇਹੇ ਵਾਰ ਪਹਿਲੇ ਦਿਨ ਤੋਂ ਹੀ ਹਨ। ਇਸ 'ਦਸਮ ਗ੍ਰੰਥ' ਰਸਤੇ ਉਸ ਰਾਹੀਂ ਏਹੀ ਖੇਡ, ਗੁਰੂ ਸਾਹਿਬਾਨ ਅਤੇ ਵਿਸ਼ੇਸ਼ ਕਰਕੇ ਦਸਮੇਸ਼ ਪਿਤਾ ਜੀ ਦਾ ਨਾਮ ਵਰਤ ਕੇ, ਬੜੇ ਯੋਜਨਾਬੱਧ ਤਰੀਕੇ ਨਾਲ ਖੇਡੀ ਗਈ ਸਪਸ਼ਟ ਹੈ। ਮੌਜੂਦਾ 'ਦਸਮ ਗ੍ਰੰਥ' ਦਾ ਵਿਸ਼ਾ-ਵਸਤੂ ਵਾਚਿਆਂ ਇਹ ਵੀ ਸਪਸ਼ਟ ਹੋ ਜਾਂਦਾ ਹੈ ਕਿ ਸਾਕਤ ਮੱਤ ਵਾਲੇ, ਜਿਹੜੇ ਕਿ ਬ੍ਰਾਹਮਣ ਵਰਗ ਦੀ ਹੀ ਇੱਕ ਸ਼ਾਖਾ ਮਾਤਰ ਕਹੇ ਜਾ ਸਕਦੇ ਹਨ, ਓਹਨਾਂ ਨੇ ਵੀ ਸਮੇਂ ਦਾ ਪੂਰਾ-ਪੂਰਾ ਲਾਭ ਉਠਾਇਆ। ਅਜੋਕੇ ਦਸਮ ਗ੍ਰੰਥ ਵਾਲਾ ਪਾਜ ਕਿੱਧਰੇ ਖੁੱਲ੍ਹ ਨਾ ਜਾਵੇ, ਇਸ ਦੀ ਘਬਰਾਹਟ ਅੱਜ ਕਿਸ ਨੂੰ ਸਭ ਤੋਂ ਵੱਧ ਹੈ, ਸਭ ਤੋਂ ਵੱਧ ਤੜਫ਼ ਕੌਣ ਰਿਹਾ ਹੈ, ਸੱਚਾਈ ਨੂੰ ਉੱਘੜਦੇ ਦੇਰ ਨਹੀਂ ਲੱਗਦੀ।

**ਦਸਮ ਗ੍ਰੰਥ ਨਹੀਂ, ਇਹ ਸਾਰਾ 'ਬਚਿੱਤਰ ਨਾਟਕ' ਹੀ ਸੀ:** ਇਕੱਤਰ ਹੋਈਆਂ ਉਪਰੋਕਤ ਰਚਨਾਵਾਂ ਬਾਰੇ ਭਾਰੀ ਭੀੜਾ ਦੇ ਸਮੇਂ ਇਹ ਨਿਰਣਾ ਕਰਨਾ ਕਿ ਕਿਹੜੀ ਦਸ਼ਮੇਸ਼ ਜੀ ਦੀ ਹੋ ਸਕਦੀ ਅਤੇ

ਕਿਹੜੀ ਮਿਲਾਵਟ, ਮੁਸ਼ਕਲ ਹੀ ਨਹੀਂ ਅਸੰਭਵ ਵੀ ਸੀ। ਸੱਚ ਤਾਂ ਇਹ ਹੈ ਕਿ ਕੁਝ ਸਮੇਂ ਵਾਸਤੇ ਇਸ ਸਾਰੇ ਨੂੰ ਇੱਕ ਜਿਲਦ ਵਿੱਚ ਸੰਭਾਲ ਰੱਖਣ ਵਾਸਤੇ ਵੀ ਪੰਥ ਅੰਦਰ ਤੀਬਰ ਮੱਤਭੇਦ ਸਨ। ਦਸ਼ਮੇਸ਼ ਬਾਣੀ ਦੇ ਨਾਲ ਕੱਚੀਆਂ ਅਤੇ ਅਸ਼ਲੀਲ ਰਚਨਾਵਾਂ ਵੀ ਇੱਕੋ ਹੀ ਜਿਲਦ ਵਿੱਚ ਰੱਖੀਆਂ ਜਾਣ, ਸੂਝਵਾਨ ਸੰਗਤਾਂ ਇਸ ਗੱਲ ਨੂੰ ਬਰਦਾਸ਼ਤ ਨਹੀਂ ਸਨ ਕਰ ਸਕਦੀਆਂ। ਉਸ ਸਮੇਂ ਦੀਆਂ ਇਹ ਵੀ ਖਬਰਾਂ ਸਨ ਕਿ ਹਰਿਮੰਦਰ ਸਾਹਿਬ ਦਾ ਸਰੋਵਰ ਪੂਰਿਆ ਜਾ ਚੁੱਕਾ ਹੈ ਅਤੇ ਅੰਦਰ ਮੱਸਾ ਰੰਘੜ ਵੇਸ਼ਵਾਵਾਂ ਦੇ ਨਾਚ ਕਰਵਾ ਰਿਹਾ ਹੈ। ਪੰਥ ਸਾਹਮਣੇ ਪਹਿਲਾ ਸੁਆਲ ਪੰਥ ਦੀ ਹੋਂਦ ਨੂੰ ਬਚਾਉਣਾ ਸੀ। ਬਹੁਤਿਆਂ ਦਾ ਸੁਝਾਵ ਸੀ ਕਿ ਬਾਣੀ ਛਾਂਟਣ ਦੇ ਇਸ ਕੰਮ ਨੂੰ ਕੁਝ ਸਮੇਂ ਵਾਸਤੇ ਅੱਗੇ ਪਾ ਦਿੱਤਾ ਜਾਵੇ। ਉਸ ਸਮੇਂ ਦੇ ਸਿਆਣੇ ਆਗੂਆਂ ਨੇ ਸਾਰੀ ਰਚਨਾ-ਵਸਤੂ ਨੂੰ ਇੱਕ ਜਿਲਦ ਵਿੱਚ ਸੁਰੱਖਿਅਤ ਕਰ ਲਿਆ। ਆਗੂ ਸੂਝਵਾਨ ਅਤੇ ਸਿਆਣੇ ਸਨ, ਉਨ੍ਹਾਂ ਨੇ ਇਸ ਜਿਲਦ ਨੂੰ 'ਬਚਿੱਤ੍ਰ ਨਾਟਕ' ਭਾਵ 'ਵਚਿੱਤਰ ਜਿਹਾ ਨਾਟਕੀਯ ਸੰਗ੍ਰਹਿ' ਨਾਮ ਦੇ ਦਿੱਤਾ। ਸੋਚਿਆ ਹੋਵੇਗਾ ਕਿ ਟੁਰੇ ਤਾਂ ਸਾਂ ਦਸ਼ਮੇਸ਼ ਜੀ ਦੀ ਬਾਣੀ ਨੂੰ ਇਕੱਤਰ ਕਰਨ ਪਰ ਇਹ ਇੱਕ ਨਾਟਕੀ ਸੰਗ੍ਰਹਿ ਬਣ ਗਿਆ ਹੈ। ਕਿਉਂਕਿ ਇਸ ਬਾਰੇ ਜਲਦੀ ਵਿੱਚ ਇਹ ਨਹੀਂ ਸੀ ਕਿਹਾ ਜਾ ਸਕਦਾ ਕਿ ਕਿਹੜੀ ਰਚਨਾ ਕਲਗੀਧਰ ਜੀ ਦੀ ਹੋ ਸਕਦੀ ਹੈ ਤੇ ਕਿਹੜੀ ਨਹੀਂ। ਸਾਰੇ ਸੰਗ੍ਰਹਿ ਨੂੰ 'ਬਚਿੱਤ੍ਰ ਨਾਟਕ' ਦਾ ਨਾਮ ਦੇਣ ਦਾ ਕਾਰਣ ਸੀ ਕਿ ਆਉਣ ਵਾਲੀਆਂ ਨਸਲਾਂ ਗੁੰਮਰਾਹ ਨਾ ਹੋਣ। ਸ਼ਾਇਦ ਓਹ ਇਹ ਨਹੀਂ ਸਨ ਜਾਣਦੇ ਕਿ ਪੰਥ ਦੀ ਹਾਲਤ ਸੁਧਰਨ ਦੀ ਬਜਾਏ ਦਿਨੋ ਦਿਨ ਨਿੱਘਰਦੀ ਹੀ ਜਾਣੀ ਹੈ ਅਤੇ ਗੁਰਬਾਣੀ ਦੀ ਸੂਝ ਨਿੱਤ ਘਟਦੀ ਹੀ ਜਾਣੀ ਹੈ, ਨਹੀਂ ਤਾਂ ਓਹ ਜ਼ਰੂਰ ਕੋਈ ਹੋਰ ਉਪਰਾਲਾ ਕਰਦੇ।

ਸਪਸ਼ਟ ਹੈ ਕਿ ਆਰੰਭ ਵਿੱਚ ਸਾਰੀ ਪੋਥੀ ਦਾ ਨਾਮ ਹੀ 'ਬਚਿੱਤ੍ਰ ਨਾਟਕ' ਸੀ ਨਾ ਕਿ ਅੱਜ ਦੀ ਤਰ੍ਹਾਂ ਕੁਝ ਹਿੱਸੇ ਦਾ। ਉਨ੍ਹੀਵੀਂ ਸਦੀ ਦੇ ਅੰਤ ਤੀਕ ਮੌਜੂਦਾ 'ਦਸਮ ਗ੍ਰੰਥ' ਨਾਮ ਦੀ ਕੋਈ ਰਚਨਾ ਵਜੂਦ ਵਿੱਚ ਹੈ ਨਹੀਂ ਸੀ। ਇਸ ਸਾਰੇ ਨਾਟਕੀਯ ਸੰਗ੍ਰਹਿ ਵਿੱਚੋਂ ਕੇਵਲ ਦਸ਼ਮੇਸ਼ ਬਾਣੀ ਛਾਂਟਣ ਦਾ ਕੰਮ ਹੀ ਬਾਕੀ ਸੀ। ਪੁਰਾਤਨ ਰਚਨਾਵਾਂ ਅਨੁਸਾਰ ਪੰਥ ਕੇਵਲ ਪੰਜ ਰਚਨਾਵਾਂ ਉੱਪਰ ਹੀ ਸਹਿਮਤ ਸੀ ਕਿ ਦਸਮੇਸ਼ ਜੀ ਦੀਆਂ ਹੋ ਸਕਦੀਆਂ ਹਨ।

**ਫ਼ਰਜ਼ੀ ਕਹਾਣੀਆਂ ਅਤੇ ਵਰ-ਸਰਾਪ:** ਫ਼ਰਜ਼ੀ ਕਹਾਣੀਆਂ ਅਤੇ ਵਰ-ਸ਼ਾਪ ਸਿੱਖ ਧਰਮ ਦਾ ਅੰਗ ਨਹੀਂ, ਇਹ ਨਿਰੋਲ ਬ੍ਰਾਹਮਣੀ ਸੋਚ ਦੀ ਉਪਜ ਹਨ। ਕੁਝ ਸ਼ਰਾਰਤੀ ਲੋਕਾਂ ਨੇ ਹਰਿਮੰਦਰ ਸਾਹਿਬ ਆਜ਼ਾਦ ਕਰਵਾਉਣ ਵਾਲੀ ਘਟਨਾ ਨਾਲ ਇੱਕ ਕਹਾਣੀ ਜੋੜ ਕੇ ਪ੍ਰਚੱਲਤ ਕਰ ਦਿੱਤੀ। ਕਹਾਣੀ ਅਨੁਸਾਰ ਭਾਈ ਸੁੱਖਾ ਸਿੰਘ ਮਹਿਤਾਬ ਸਿੰਘ ਜੇਕਰ ਮੱਸੇ ਰੰਘੜ ਨੂੰ ਕਤਲ ਕਰ ਕੇ ਹਰਿਮੰਦਰ ਸਾਹਿਬ ਆਜ਼ਾਦ ਕਰਵਾ ਆਉਣ ਤਾਂ ਜਿਲਦ ਇਕੱਠੀ ਰਹਿਣ ਦਿੱਤੀ ਜਾਵੇ ਨਹੀਂ ਤਾਂ ਪੰਜ ਰਚਨਾਵਾਂ ਤੋਂ ਬਾਹਰ ਬਾਕੀ ਵੱਖ ਕਰ ਦਿੱਤੀਆਂ ਜਾਣ। ਕਹਾਣੀ ਆਪਣੇ-ਆਪ ਵਿੱਚ ਸਪਸ਼ਟ ਕਰਦੀ ਹੈ ਕਿ ਇਹ ਕਹਾਣੀ ਘਟਨਾ ਤੋਂ ਬਾਅਦ ਕੇਵਲ ਸ਼ਰਾਰਤ ਦਾ ਆਧਾਰ ਬਣਾਉਣ ਵਾਸਤੇ ਹੀ ਪ੍ਰਚੱਲਤ ਕੀਤੀ ਗਈ। ਠੀਕ ਇਸੇ ਤਰ੍ਹਾਂ ਜਿਵੇਂ ਭਾਈ ਮਨੀ ਸਿੰਘ ਜੀ ਦੇ ਬੰਦ-ਬੰਦ ਕੱਟੇ ਜਾਣ ਵਾਲੇ ਮਹਾਨ ਸਾਕੇ ਨੂੰ ਫ਼ਰਜ਼ੀ ਵਰ-ਸਰਾਪ ਵਾਲੀ ਕਹਾਣੀ ਰਾਹੀਂ ਛੁਟਿਆਉਣ ਦੀ ਖੇਡ ਖੇਡੀ ਗਈ।

ਇਸੇ ਤਰ੍ਹਾਂ 'ਦਸਮ ਬਾਣੀ' ਇਕੱਠੀ ਕਰਨ ਵਾਸਤੇ ਮਾਤਾ ਸੁੰਦਰ ਕੌਰ ਜੀ ਵੱਲੋਂ ਭਾਈ ਮਨੀ ਸਿੰਘ ਜੀ ਨੂੰ ਇੱਕ ਫ਼ਰਜ਼ੀ ਚਿੱਠੀ ਦਾ ਆਧਾਰ ਬਣਾਇਆ ਗਿਆ। ਸਮੇਂ ਨਾਲ ਭਾਸ਼ਾ ਵਿਗਿਆਨੀ ਸਾਬਤ ਕਰ ਚੁੱਕੇ ਹਨ ਕਿ ਓਹ ਚਿੱਠੀ ਵੀ ਨਕਲੀ ਹੈ ਅਤੇ ਇਹ ਵੀ ਸਾਬਤ ਕਰ ਦਿੱਤਾ ਹੈ ਕਿ ਉਦੋਂ ਲਿਖੀ ਗਈ ਜਦੋਂ ਉਨ੍ਹੀਵੀਂ ਸਦੀ ਦੇ ਅੰਤ 'ਤੇ ਨਿੱਬ ਦਾ ਪ੍ਰਚਲਣ ਹੋ ਚੁੱਕਾ ਸੀ ਪਰ ਦੱਸੀ ਜਾ ਰਹੀ ਹੈ ਅਠ੍ਹਾਰਵੀਂ ਸਦੀ ਦੇ ਆਰੰਭ ਦੀ। ਭਾਵ ਇਹ ਜੋ ਕੁਝ ਵੀ ਹੋਇਆ ਸਾਰਾ ਉਨ੍ਹੀਵੀਂ ਸਦੀ ਦੇ ਅੰਤਲੇ ਦਿਨਾਂ ਦੇ ਹੀ ਚਮਤਕਾਰ ਹਨ ਜਦੋਂ ਕਿ ਕੌਮ ਘੂਕ ਸੁੱਤੀ ਪਈ ਸੀ।

**ਬਚਿੱਤਰ ਨਾਟਕ ਤੋਂ ਦਸਮ ਗ੍ਰੰਥ ਤੀਕ:** ਸਮਾਂ ਬਦਲਦਾ ਗਿਆ। ਇਸ ਰਚਨਾ ਸੰਗ੍ਰਹਿ ਵਿੱਚੋਂ ਦਸ਼ਮੇਸ਼ ਜੀ ਦੀ ਬਾਣੀ ਛਾਂਟਣੀ ਤਾਂ ਦੂਰ ਪੰਥ ਦੀ ਹਾਲਤ ਗੁਰਮਤ ਅਤੇ ਗੁਰਬਾਣੀ-ਸੋਝੀ ਪੱਖੋਂ ਦਿਨ-ਬ-ਦਿਨ ਨਿੱਘਰਦੀ ਗਈ। ਪ੍ਰਚਾਰ-ਪ੍ਰਬੰਧ ਗੈਰ ਜ਼ਿੰਮੇਵਾਰ ਲੋਕਾਂ ਦੇ ਹੱਥਾਂ ਵਿੱਚ ਜਾਂਦਾ ਗਿਆ ਅਤੇ ਸਾਰੇ ਕਰਮਕਾਂਡ, ਸਿੱਖੀ ਘਰਾਂ ਦਾ ਅਤੇ ਸਿੱਖੀ ਪ੍ਰਚਾਰ ਦਾ ਅੰਗ ਬਣਦੇ ਗਏ। ਪੰਥ ਦੀ ਇਸ ਨਿੱਘਰੀ ਹੋਈ ਹਾਲਤ ਸਦਕਾ ਇਸ 'ਬਚਿੱਤ੍ਰ ਨਾਟਕ' ਦਾ ਨਾਮ 'ਦਸਮ ਗ੍ਰੰਥ' ਅਤੇ ਫਿਰ 'ਸ੍ਰੀ ਦਸਮ ਗ੍ਰੰਥ' ਅਤੇ ਹੁੰਦਾ ਹੁੰਦਾ ਹੁਣ 'ਦਸਮ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਬਣ ਗਿਆ। ਨਾਮ ਲਿਖਣ ਦਾ ਢੰਗ ਵੀ ਬੜਾ ਅਜੀਬ ਹੈ। 'ਦਸਮ' ਉੱਪਰ ਛੋਟਾ ਜਿਹਾ ਅਤੇ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਦੂਜੀ ਪੰਕਤੀ ਵਿੱਚ ਵੱਡਾ ਸਾਰਾ। ਸੰਗਤਾਂ ਦੀ ਜਾਣਕਾਰੀ ਵਾਸਤੇ, ਇਸ ਦਾ ਸਰੂਪ ਜੋ ਬਣ ਚੁੱਕਾ ਹੈ ਉਹ ਕੁਝ

ਇਸ ਪ੍ਰਕਾਰ ਹੈਃ- 'ਦਸਮ-ਸ੍ਰੀ ਗੁਰੂ ਗ੍ਰੰਥ ਸਾਹਿਬ ਜੀ'; ਛਾਪਕ ਹਨ ਭਾਈ ਜਵਾਹਰ ਸਿੰਘ ਕ੍ਰਿਪਾਲ ਸਿੰਘ ਐਂਡ ਸੰਜ਼, ਅੰਮ੍ਰਿਤਸਰ ਅਤੇ ਹੋਰ ਵੀ ਕੁਝ।

(ਬਾਕੀ ਅਗਲੇ ਅੰਕ ਵਿੱਚ)

ooooo

## ਜਾਤਪਾਤ ਤੇ ਸਿੱਖ

ਸਰਦਾਰ ਜਗਜੀਤ ਸਿੰਘ

**[ਸਰਦਾਰ ਜਗਜੀਤ ਸਿੰਘ ਅੱਜ ਦੇ ਜ਼ਮਾਨੇ ਵਿੱਚ ਵੱਡੇ ਇਤਿਹਾਸਕਾਰ ਅਤੇ ਵੱਡੇ ਮਹਾਤਮਾ ਹੋਏ ਹਨ। ਉਹਨਾਂ ਦੀਆਂ ਕਈ ਕੀਮਤੀ ਕਿਤਾਬਾਂ ਸਿੱਖ ਪੰਥ ਦਾ ਬੌਧਿਕ ਸਰਮਾਇਆ ਹਨ। ਅੱਜ, ਜਦੋਂ ਕਿ ਸਿੱਖ ਧਰਮ ਉੱਤੇ ਜਾਤ-ਪਾਤ ਦੇ ਮਸਲੇ ਨੂੰ ਲੈ ਕੇ ਕਈ ਅਣਜਾਣ ਅਤੇ ਬੇਈਮਾਨ ਉਂਗਲਾਂ ਉੱਠ ਰਹੀਆਂ ਹਨ, ਅਸੀਂ ਉਹਨਾਂ ਦੀ 'ਜਾਤ-ਪਾਤ ਤੇ ਸਿੱਖ' ਕਿਤਾਬ ਨੂੰ ਲੜੀਵਾਰ ਛਾਪਣਾ ਲਾਸਾਨੀ ਗੁਰੂ ਸਾਹਿਬਾਨ ਦੀ ਅਦੁੱਤੀ ਦੇਣ, ਜਾਤ-ਪਾਤ ਰਹਿਤ ਸਮਾਜ, ਨੂੰ ਉਜਾਗਰ ਕਰਨ ਦਾ ਸਾਧਨ ਸਮਝਦੇ ਹਾਂ। ਏਸ ਗਹਿਰ-ਗੰਭੀਰ ਕਿਤਾਬ ਦੇ ਛਾਪਣ ਨੂੰ ਅਸੀਂ 'ਵਿਸ਼ਵ ਸਿੱਖ ਬੁਲੇਟਿਨ' ਲਈ ਮਾਣ ਅਤੇ ਸਰਦਾਰ ਜਗਜੀਤ ਸਿੰਘ ਦਾ ਸਤਿਕਾਰ ਅਤੇ ਗੁਰਬਾਣੀ ਦੇ ਸੱਚ ਨੂੰ ਸ਼ਰਧਾਂਜਲੀ ਜਾਣਦੇ ਹਾਂ - ਸੰਪਾਦਕ]**

**ਜੁਲਾਈ 2004 ਅੰਕ ਤੋਂ ਅੱਗੇ ਪੜ੍ਹੋ:**

ਸਿੱਖ ਰਵਾਇਤ ਦੀ ਉਪ੍ਰੋਕਤ ਸਾਖ ਦੀ ਗ਼ੈਰ-ਸਿੱਖ ਇਤਹਾਸਕ ਗਵਾਹੀਆਂ ਤੋਂ ਪੁਸ਼ਟੀ ਹੁੰਦੀ ਹੈ। ਮੀਰ ਗੁਲਾਮ ਹੁਸੈਨ ਖਾਨ (1783) ਖ਼ਾਲਸਾ ਪੰਥ ਬਾਰੇ ਲਿਖਦਾ ਹੈ ਕਿ "ਇਨ੍ਹਾਂ ਦੀ ਆਪਣੀ ਵੱਖਰੀ ਸੁਸਾਇਟੀ ਹੈ ਜੋ ਨੀਲੇ ਬਸਤ੍ਰ ਪਹਿਨਦੇ ਹਨ ਅਤੇ ਹਰ ਵਕਤ ਹਥਿਆਰਬੰਦ ਹੋ ਕੇ ਵਿਚਰਦੇ ਹਨ। ਜਦੋਂ ਕੋਈ ਇਨ੍ਹਾਂ ਦੇ ਭਾਈਚਾਰੇ ਵਿੱਚ ਸ਼ਾਮਲ ਹੋ ਜਾਵੇ (ਭਾਵੇਂ ਓਹ ਕਿਸੇ ਵੀ ਨਸਲ, ਕਬੀਲੇ ਜਾਂ ਫਿਰਕੇ ਵਿੱਚੋਂ ਆਇਆ ਹੋਵੇ) ਤਾਂ ਉਸ ਨਾਲ ਬਿਨਾਂ ਵਿਤਕਰੇ ਦੇ ਸਾਂਝ ਕੀਤੀ ਜਾਂਦੀ ਹੈ ਅਤੇ ਉਹ (ਸਿੰਘ) ਉਸ ਭੇਦ-ਭਾਵ ਅਤੇ ਘ੍ਰਿਣਾ ਤੋਂ ਨਿਰਲੇਪ ਹੁੰਦੇ ਹਨ ਜਿਸ ਦੀਆਂ ਹਿੰਦੂਆਂ ਦੇ ਮਨਾਂ ਵਿੱਚ ਡੂੰਘੀਆ ਜੜ੍ਹਾਂ ਹਨ।" ਹਕੀਕਤ (1783) ਦੇ ਲਿਖਾਰੀ ਅਨੁਸਾਰ ਸਿੰਘਾਂ ਨੂੰ ਇਹ ਹਦਾਇਤ ਹੈ ਕਿ "ਜੋ ਕੋਈ ਕਿਸੇ ਵੀ ਕਬੀਲੇ ਵਿੱਚੋਂ ਤੁਹਾਡੇ ਵਿੱਚ ਸ਼ਾਮਲ ਹੋਵੇ, ਉਸ ਨਾਲ ਵਿਤਕਰਾ ਨਹੀਂ ਕਰਨਾ ਅਤੇ ਬਗ਼ੈਰ ਸ਼ੰਕਾ ਕੀਤੇ ਉਸ ਨਾਲ ਰਲ ਕੇ ਖਾਣਾ ਹੈ। ਹੁਣ ਇਨ੍ਹਾਂ ਦੀ ਏਹੋ ਅਮਲੀ ਵਰਤੋਂ ਹੈ।" ਇਰਵਨ ਸਮਕਾਲੀ ਮੁਸਲਮਾਨ ਇਤਿਹਾਸਕਾਰਾਂ ਦੇ ਹਵਾਲੇ ਨਾਲ ਲਿਖ਼ਦਾ ਹੈ ਕਿ "ਜਿਨ੍ਹਾਂ ਪਰਗਨਿਆਂ ਉੱਤੇ ਸਿੱਖਾਂ ਨੇ ਕਬਜ਼ਾ ਕੀਤਾ, ਉੱਥੇ ਪੁਰਾਣੇ ਰਿਵਾਜ ਤੇ ਰੀਤਾਂ (ਹਿੰਦੂਆਂ ਦੀਆਂ) ਮੁਕੰਮਲ ਤੌਰ ਉੱਤੇ ਉਲਟਾ ਦਿੱਤੀਆਂ ਗਈਆਂ।" ਖਾਫ਼ੀ ਖਾਨ ਲਿਖਦਾ ਹੈ, "ਇਨ੍ਹਾਂ ਕਾਫ਼ਰਾਂ (ਖ਼ਾਲਸਾ) ਨੇ ਨਵਾਂ ਹੀ ਰੂਲ ਚਾਲੂ ਕੀਤਾ। ਕੇਸ ਤੇ ਦਾੜ੍ਹੀ ਮੁਨਣੀ ਬੰਦ ਕਰ ਦਿੱਤੀ। ਬਹੁਤ ਸਾਰੇ ਨੀਵੀਆਂ ਜਾਤਾਂ ਦੇ ਹਿੰਦੂ ਇਨ੍ਹਾਂ ਵਿੱਚ ਸ਼ਾਮਲ ਹੋ ਗਏ ਕਿਉਂਕਿ ਉਨ੍ਹਾਂ ਇਨ੍ਹਾਂ (ਖ਼ਾਲਸਾ) ਦੇ ਵਿਸ਼ਵਾਸ ਅਪਨਾਉਣ ਵਿੱਚ ਆਪਣਾ ਭਲਾ ਸਮਝਿਆ।"

ਜੋ ਸਿੱਖ ਅਤੇ ਗ਼ੈਰ-ਸਿੱਖ ਸੋਮਿਆਂ ਤੋਂ ਉੱਪਰ ਗਵਾਹੀਆਂ ਦਿੱਤੀਆਂ ਗਈਆਂ ਹਨ ਉਨ੍ਹਾਂ ਤੋਂ ਸਪਸ਼ਟ ਜ਼ਾਹਰ ਹੁੰਦਾ ਹੈ ਕਿ ਜਾਤਪਾਤੀ ਸੁਸਾਇਟੀ ਨਾਲੋਂ ਖ਼ਾਲਸੇ ਦਾ ਤੋੜ-ਵਿਛੋੜਾ ਇਤਫ਼ਾਕੀਆ ਨਹੀਂ ਸੀ। ਖ਼ਾਲਸੇ ਨੂੰ ਜਾਤੀ-ਪਾਤੀ ਸਮਾਜ ਨਾਲੋਂ ਅਲਹਿਦਾ ਕਰਨ ਦੀ ਇੱਕ ਸੋਚ-ਸਮਝ ਕੇ ਪਲਾਨ ਮੁਤਾਬਕ ਚਲਾਈ ਹੋਈ ਲਹਿਰ ਸੀ ਜੋ ਸਿੱਖ ਇਨਕਲਾਬ ਦੇ ਇਨਕਲਾਬੀ ਦੌਰ ਵਿੱਚ ਪੂਰੇ ਜੋਬਨਾਂ ਨਾਲ ਚੱਲਦੀ ਰਹੀ। ਬਲਕਿ ਇਨਕਲਾਬੀ ਦੌਰ (ਜਦੋਂ ਸਿੱਖ ਸਿਧਾਂਤਾਂ ਦਾ ਪ੍ਰਭਾਵ ਮੱਠਾ ਪੈ ਗਿਆ) ਵਿੱਚ ਵੀ ਖ਼ਾਲਸੇ ਦਾ ਜਾਤ-ਪਾਤੀ ਸੁਸਾਇਟੀ ਨਾਲੋਂ ਅੱਡਰੇ ਹੋਣ ਬਾਰੇ ਨਿਰਣਯ ਹੁੰਦਾ ਰਿਹਾ । ਭੰਗੂ (1841) ਨੇ ਲਿਖਿਆ ਹੈ: "ਚਾਰ ਬਰਨ ਔ ਆਸ਼੍ਰਮ ਚਾਰ। ਜਨੇਊ ਟਿੱਕੇ ਦਿਯੋ ਉਤਾਰ।" ਖ਼ਾਲਸਾ "ਗੰਗਾ ਜਮਨਾ ਨਿਕਟ ਨ ਜਾਵੈ। ਅਪਨੇ ਗੁਰ ਕੀ ਛਪੜੀ ਨ੍ਹਾਵੈ। ਜਗਨ ਨਾਥ ਕੋ ਟੁੰਡਾ ਆਖੈ। ਰਾਮ ਕਿਸ਼ਨ ਕੋ ਜਾਪ ਨ ਭਾਖੈ।" ਉਪ੍ਰੋਕਤ ਗਵਾਹੀਆਂ ਸਭ ਅੰਗਰੇਜ਼ਾਂ ਦੇ ਰਾਜ ਤੋਂ ਪਹਿਲੋਂ ਦੀਆਂ ਹਨ ਇਸ ਕਰਕੇ ਇਹ ਕਿੰਤੂ ਗ਼ਲਤ ਸਾਬਤ ਹੁੰਦਾ ਹੈ ਕਿ ਹਿੰਦੂ-ਸਿੱਖਾਂ ਵਿੱਚ ਨਿਖੇੜਾ ਸਿੰਘ ਸਭਾ ਲਹਿਰ ਨੇ ਅੰਗਰੇਜ਼ਾਂ ਦੀ ਚੁੱਕ ਵਿੱਚ ਆ ਕੇ ਪਾਇਆ। ਸਿੱਖਾਂ ਨੂੰ ਹਿੰਦੂ ਸਮਾਜ ਨਾਲੋਂ ਗੁਰੂ ਸਾਹਿਬ ਨੇ ਆਪ ਅੱਡ ਕੀਤਾ ਅਤੇ ਦਸਮ ਗੁਰੂ ਜੀ ਨੇ ਖ਼ਾਲਸਾ ਸਾਜ ਕੇ ਇਸ ਪਾੜ ਉੱਤੇ ਨਾ ਮਿਟਣ ਵਾਲੀ ਅੰਤਮ ਮੋਹਰ ਲਾ ਦਿੱਤੀ।

### 4. ਨਵੀਂ ਸਮਾਜਕ-ਰਾਜਨੀਤਕ ਬਣਤਰ:

ਸਿੱਖ ਲਹਿਰ ਨੇ ਸਿੱਖਾਂ ਨੂੰ ਜਾਤਪਾਤੀ ਸੁਸਾਇਟੀ ਨਾਲੋਂ ਤੋੜ ਕੇ ਹੀ ਸਾਹ ਨਹੀਂ ਲੈ ਲਿਆ। ਇਸ ਲਹਿਰ ਨੇ ਸਿੱਖ ਸਮਾਜ ਨੂੰ ਭਾਈਚਾਰਕ ਅਤੇ ਰਾਜਨੀਤਕ ਬਰਾਬਰੀ ਦੇ ਰਾਹੇ ਤੋਰਨ ਵਿੱਚ ਵੀ ਬਹੁਤ ਹੱਦ ਤੱਕ ਸਫ਼ਲਤਾ ਪ੍ਰਾਪਤ ਕੀਤੀ। ਇਹ ਸਫ਼ਲਤਾ ਸਿੱਖਾਂ ਦੇ ਜਾਤ-ਪਾਤੀ ਸਮਾਜ ਨਾਲੋਂ ਅੱਡ ਹੋਣ ਦਾ ਇੱਕ ਵੱਡਾ ਸਬੂਤ ਹੈ।

**(ੳ) ਲਹਿਰ ਦੀ ਗਰੀਬ-ਜਨਤਕ ਬਣਤਰ।**

ਜਾਤ ਪਾਤੀ ਸੁਸਾਇਟੀ ਦੀ ਇਮਾਰਤ ਦੀ ਹਰ ਇੱਕ ਇੱਟ ਜਾਤੀਆਂ ਤੇ ਉਪਜਾਤੀਆਂ ਦੀ ਬਣੀ ਹੋਈ ਸੀ। ਗੁਰੂ ਸਾਹਿਬਾਨ ਨੇ ਜਾਤਪਾਤ ਤੋੜ ਕੇ ਸਿੱਖ ਪੰਥ ਦੀ ਉਸਾਰੀ ਸਿੱਖ ਸੰਗਤਾਂ ਦੀਆਂ ਇੱਟਾਂ ਨਾਲ ਕੀਤੀ। ਭਾਈ ਗੁਰਦਾਸ ਜੀ ਨੇ ਆਪਣੀ ਬਾਰ੍ਹਵੀਂ ਵਾਰ ਵਿੱਚ ਕੁਝ ਸਿੱਖ ਸੰਗਤਾਂ ਬਾਰੇ ਵੇਰਵਾ ਦਿੱਤਾ ਹੈ ਜਿਸ ਤੋਂ ਸਾਫ਼ ਪ੍ਰਗਟ ਹੁੰਦਾ ਹੈ ਕਿ ਤਕਰੀਬਨ ਹਰ ਇੱਕ ਸੰਗਤ ਵਿੱਚ ਵੱਖ-ਵੱਖ ਜਾਤਾਂ (ਜਿਨ੍ਹਾਂ ਵਿੱਚ ਸ਼ੂਦਰ ਤੇ ਅਛੂਤ ਵੀ ਸਨ) ਵਿੱਚੋਂ ਬਣੇ ਸਿੱਖ ਸ਼ਾਮਲ ਸਨ। ਅਰਥਾਤ ਸਿੱਖ ਪੰਥ ਦੀ ਸਮਾਜਕ ਬਣਤਰ ਦਾ ਆਧਾਰ ਜਾਤ-ਪਾਤੀ ਨਹੀਂ ਸੀ, ਸਗੋਂ ਇਹ ਭਾਈਚਾਰਕ ਬਰਾਬਰੀ ਦੇ ਸਿੱਖੀ ਮਿਸ਼ਨ ਨੂੰ ਅਪਨਾਉਣ ਵਾਲੇ ਇਸਤਰੀ-ਮਰਦਾਂ ਉੱਤੇ ਆਧਾਰਤ ਸੀ। ਦੂਸਰੇ ਸ਼ਬਦਾਂ ਵਿੱਚ ਰਾਜਸੀ ਸਿੱਖ ਲਹਿਰ ਦਾ ਮਿਸ਼ਨ ਹੀ ਗ਼ਰੀਬ-ਜਨਤਕ ਨਹੀਂ ਸੀ, ਬਲਕਿ ਇਸ ਦੀ ਸਮਾਜਕ-ਬਣਤਰ ਵੀ ਗ਼ਰੀਬ-ਜਨਤਕ ਸੀ। ਇਹ ਜ਼ਰੂਰੀ ਸਮਝਿਆ ਗਿਆ ਕਿ ਦੱਬੀਆਂ-ਕੁਚਲੀਆਂ ਜਾਤਾਂ ਤੇ ਜਮਾਤਾਂ ਆਪਣੀ ਹੋਣੀ ਨੂੰ ਆਪ ਬਣਾਉਣ ਤੇ ਉਸ ਦੀਆਂ ਆਪ ਮਾਲਕ ਹੋਣ। ਜਦੋਂ ਗੁਰੂ ਹਰਿਗੋਬਿੰਦ ਸਾਹਿਬ ਨੇ ਪੰਥ ਨੂੰ ਹਥਿਆਰਬੰਦ ਕਰਨ ਦਾ ਐਲਾਨ ਕੀਤਾ ਤਾਂ ਚਾਰ ਸੌ ਆਦਮੀਆਂ ਨੇ ਆਪਣੀਆਂ ਸੇਵਾਵਾਂ ਪੇਸ਼ ਕੀਤੀਆਂ। "ਛੀਂਬੇ ਝੀਵਰ ਔਰ ਤਖਾਣ। ਨਾਈ ਗ੍ਰਿਹਿ ਉਤਰੇ ਸਭ ਆਣ।" ਲੋਹਗੜ੍ਹ ਦੀ ਲੜਾਈ ਵਿੱਚੋਂ ਬਚੇ ਮੁਸਲਮਾਨਾਂ ਨੇ ਆਪਣੇ ਹਾਕਮ ਨੂੰ ਇਤਲਾਹ ਦਿੱਤੀ: "ਭਾਵੇਂ ਸਿੱਖ ਸਾਰੀਆਂ ਜਾਤਾਂ ਤੇ ਪੇਸ਼ਿਆਂ ਵਿੱਚੋਂ ਸਨ, ਪਰ ਉਹਨਾਂ ਨੇ ਲੜਾਈ ਵਿੱਚ ਬੜੀ ਬਹਾਦਰੀ ਦਾ ਸਬੂਤ ਦਿੱਤਾ। ਇਸ ਕਰਕੇ ਸ਼ਾਹੀ ਫ਼ੌਜ ਨੂੰ ਹੋਈ ਹਾਰ ਦਾ ਦੋਸ਼ੀ ਨਹੀਂ ਠਹਿਰਾਇਆ ਜਾਣਾ ਚਾਹੀਦਾ।" ਜਲੰਧਰ ਦੇ ਸੂਬੇਦਾਰ ਨੇ ਗੁਰੂ ਹਰਿਗੋਬਿੰਦ ਸਾਹਿਬ ਦੇ ਖ਼ਿਲਾਫ਼ ਮੁਹਿੰਮ ਸ਼ੁਰੂ ਕੀਤੀ ਕਿਉਂਕਿ "ਇਹ ਸਮਝਿਆ ਗਿਆ ਕਿ ਸਮਾਜ ਦੀ ਹੇਠਲੀ ਮੈਲ ਵਿੱਚੋਂ ਗੁਰੂ ਸਾਹਿਬ ਨੇ ਨਖਿੱਧ ਬੰਦੇ ਆਪਣੇ ਨਾਲ ਰੱਖੇ ਹੋਏ ਹਨ। ਇੱਕ ਖਿਆਲ ਸੀ ਕਿ ਉਹਨਾਂ ਵਿੱਚ ਮਰਾਸੀਆਂ, ਨਾਈਆਂ, ਧੋਬੀਆਂ, ਚਮਾਰਾਂ ਜਿਹੇ ਲੋਕ ਹਨ, ਜਿਹੜੇ ਸ਼ਾਹੀ ਫ਼ੌਜਾਂ ਦਾ ਮੁਕਾਬਲਾ ਕਰਨ ਵੇਲੇ ਖਿੰਡ-ਪੁੰਡ ਜਾਣ ਗੇ।" ਪੈਂਦੇ ਖਾਨ ਨਾਰਾਜ਼ ਹੋ ਕੇ ਗੁਰੂ ਸਾਹਿਬ ਨੂੰ ਛੱਡ ਗਿਆ। ਉਸ ਨੇ ਬਾਦਸ਼ਾਹ ਨੂੰ ਜਾ ਕਿਹਾ ਕਿ ਗੁਰੂ ਸਾਹਿਬ ਕੋਲ ਕੋਈ ਫ਼ੌਜ ਨਹੀਂ। "ਨਾਈਆਂ, ਧੋਬੀਆਂ, ਵਣਜਾਰਿਆਂ ਅਤੇ ਮਰਾਸੀਆਂ ਜਿਹੇ ਗ਼ੈਰ-ਜੰਗਜੂ ਲੋਕਾਂ ਨੂੰ ਇਕੱਠਾ ਕਰ ਕੇ, ਉਸ ਨੂੰ ਉਹ ਆਪਣੀ ਫ਼ੌਜ ਕਹਿੰਦਾ ਹੈ।"

ਜਦੋਂ ਰਾਜੇ ਨੇ ਪੁੱਛਿਆ ਕਿ ਗੁਰੂ ਗੋਬਿੰਦ ਸਿੰਘ ਜੀ ਕੋਲ ਕਿਸ ਕਿਸਮ ਦੀ ਫ਼ੌਜ ਹੈ ਤਾਂ ਭੀਖਨ ਖਾਂ ਨੇ ਉੱਤਰ ਦਿੱਤਾ:

"ਰੈਯਤ ਲੋਕ ਮਿਲੇ ਇਕ ਠਾਉ। ਜਾਟ ਗਵਾਰ ਸੁ ਤੇਲੀ ਨਾਈ। ਭਾਟੀ ਲਬਾਨੇ ਚਮਰਾਈ। ਬਨੀਏ ਰੋਰੇ ਭਾਟ ਮਹਾਨਾ। ਸ਼ੂਦ੍ਰ ਛੀਪੇ ਜਾਟ ਤ੍ਰਿਖਾਨਾ। ਬਾਰਾ ਜਾਤ ਸਿਨਾਤ ਮਿਲਾਵੈ। ਇਹ ਕਹੁ ਤੀਰ ਕਮਾਨ ਸਿਖਾਵੈ। ਔਰ ਕਲਾਲ ਸੁਨਾਰੇ ਜੇਹੀ। ਪਕੜ ਨ ਜਾਨੇ ਬਰਛਾ ਤੇਹੀ। ਤੀਰ ਤੁਫੰਗ ਕੋ ਨਾਹਿ ਚਲਾਵੇ। ਜਾਤ ਅਰਾਂਈ ਖੋਸੀ ਚਾਵੈ।"

ਭੰਗੂ ਨੇ ਕਈ ਥਾਂ 'ਤੇ ਖ਼ਾਲਸੇ ਦੀ ਗਰੀਬ-ਜਨਤਕ ਬਣਤਰ ਬਾਰੇ ਜ਼ਿਕਰ ਕੀਤਾ ਹੈ। ਜਦੋਂ ਖ਼ਾਲਸਾ ਦਲ ਦਾ ਤਰਨਾ-ਦਲ ਵਾਲਾ ਹਿੱਸਾ ਮੁੜ ਜਥੇਬੰਦ ਕੀਤਾ ਗਿਆ ਤਾਂ ਉਸ ਦੇ ਪੰਜ ਡਿਵੀਜ਼ਨ ਬਣਾਏ ਗਏ। ਪੰਜਾਂ ਵਿੱਚੋਂ ਇੱਕ ਡਵੀਜ਼ਨ ਦੀ ਕਮਾਂਡ ਬੀਰ ਸਿੰਘ ਰੰਗਰੇਟੇ ਦੇ ਹੱਥ ਸੀ। ਮਲੇਰਕੋਟਲੇ ਦੀ ਜਿੱਤ ਵੇਲੇ ਤੱਕ ਖ਼ਾਲਸੇ ਦੀਆਂ ਮੁਹਿੰਮਾਂ ਵਿੱਚ ਇਹ ਡਵੀਜ਼ਨ ਲਗਾਤਾਰ ਹਿੱਸਾ ਲੈਂਦਾ ਰਿਹਾ। ਅਬਦਾਲੀ ਨਾਲ ਹੋਈ ਵੱਡੀ ਲੜਾਈ, ਜਿਸ ਨੂੰ ਵੱਡਾ ਘੱਲੂਘਾਰਾ ਕਿਹਾ ਜਾਂਦਾ ਹੈ, ਵਿੱਚ ਰਾਮਦਾਸੀਆਂ ਅਤੇ ਰੰਗਰੇਟਿਆਂ ਦੇ ਉੱਘਾ ਹਿੱਸਾ ਲੈਣ ਦਾ ਖ਼ਾਸ ਜ਼ਿਕਰ ਆਉਂਦਾ ਹੈ।

ਗ਼ੈਰ-ਸਿੱਖ ਸੋਮਿਆਂ ਤੋਂ ਵੀ ਇਸ ਗੱਲ ਦੀ ਪੁਸ਼ਟੀ ਹੁੰਦੀ ਹੈ ਕਿ ਖ਼ਾਲਸਾ ਦਲ ਦੀ ਬਣਤਰ ਗਰੀਬ-ਜਨਤਕ ਸੀ। ਬੰਦੇ ਦੀ ਫ਼ੌਜ ਦੀ ਭਰਤੀ ਜ਼ਿਆਦਾਤਰ ਹੇਠਲੀਆਂ ਜਾਤਾਂ ਵਿੱਚੋਂ ਹੋਈ ਅਤੇ ਚੂੜ੍ਹੇ ਤੇ ਚਮਾਰਾਂ ਜਿਹੇ ਲੋਕ ਉਸ ਦੀ ਫ਼ੌਜ ਵਿੱਚ ਬਹੁਤ ਸਨ। ਉਸ ਵੇਲੇ ਦੇ ਇੱਕ ਸਮਕਾਲੀ ਮੁਸਲਮਾਨ ਇਤਿਹਾਸਕਾਰ ਨੇ ਬੰਦੇ ਦੀਆਂ ਫ਼ੌਜਾਂ ਵਿੱਚ ਭਰਤੀ ਹੋਣ ਵਾਲੇ ਹੇਠਲੀਆਂ ਜਾਤਾਂ ਦੇ ਬੰਦਿਆਂ ਨੂੰ 'ਹਿੰਦੂਆ ਦੇ ਦੋਜ਼ਖ਼ੀ ਸਮਾਜ ਦੀ ਹੇਠਲੀ ਮੈਲ' ਕਿਹਾ ਹੈ। ਬੰਦੇ ਦੇ ਸਮੇਂ ਦਾ ਹੀ ਇੱਕ ਹੋਰ ਮੁਸਲਮਾਨ ਇਤਿਹਾਸਕਾਰ ਲਿਖਦਾ ਹੈ ਕਿ ਬੰਦੇ ਨੇ ਐਸੇ ਲੋਕਾਂ ਨੂੰ ਉੱਘਾ ਕੀਤਾ ਜੋ ਬੇਰੁਜ਼ਗਾਰ ਤੇ ਨਖਿੱਧ ਸਨ। ਇਸ ਤੋਂ ਪਹਿਲਾਂ ਇਹ ਲੋਕ ਗੁੰਮਨਾਮੀ ਦੇ ਪਰਦੇ ਹੇਠ ਲੁਕੇ ਹੋਏ ਸਨ। ਖ਼ਫ਼ੀ ਖ਼ਾਨ ਲਿਖਦਾ ਹੈ, "ਇਹਨਾਂ ਕਾਫ਼ਰਾਂ (ਸਿੱਖਾਂ) ਨੇ ਇੱਕ ਨਵਾਂ ਕਾਇਦਾ ਕਾਇਮ ਕਰ ਦਿੱਤਾ ਅਤੇ ਦਾੜ੍ਹੀ ਤੇ ਸਿਰ ਦੇ ਕੇਸ ਕਤਰਨ ਦੀ ਮਨਾਹੀ ਕਰ ਦਿੱਤੀ। ਮਲੀਨ ਤੇ ਨੀਵੀਆਂ ਜਾਤਾਂ ਦੇ ਬਹੁਤ ਸਾਰੇ ਹਿੰਦੂ ਉਹਨਾਂ ਨਾਲ ਜਾ ਰਲੇ ਤੇ ਆਪਣੀਆਂ ਜਾਨਾਂ ਉਹਨਾਂ (ਸਿੱਖਾਂ) ਮੰਦ-ਭਾਵਨਾ ਵਾਲਿਆਂ ਦੇ ਹਵਾਲੇ ਕਰ ਦਿੱਤੀਆਂ। ਉਹਨਾਂ ਸਿੱਖਾਂ ਦਾ ਧਰਮ ਕਬੂਲਣ ਅਤੇ ਉਹਨਾਂ ਦਾ ਹੁਕਮ ਮੰਨਣ

ਵਿੱਚ ਆਪਣਾ ਭਲਾ ਵੇਖਿਆ ਤੇ ਉਹ ਉੱਚੀਆ ਜਾਤਾਂ ਵਾਲੇ ਹਿੰਦੂਆਂ ਉੱਤੇ ਜ਼ੁਲਮ ਕਰਨ ਅਤੇ ਉਹਨਾਂ ਨੂੰ ਮਾਰਨ ਦੇ ਕੰਮ ਵਿੱਚ ਸਰਗਰਮ ਸਨ।" ਹਕੀਕਤ ਦਾ ਕਰਤਾ ਸਾਫ਼ ਲਿਖਦਾ ਹੈ ਕਿ "ਖਤ੍ਰੀ, ਜੱਟ, ਤਰਖਾਣ, ਲੁਹਾਰ ਅਤੇ ਹਟਵਾਣੀਏ ਸਭ ਖ਼ਾਲਸੇ ਵਿੱਚ ਸ਼ਾਮਲ ਹੋ ਗਏ।"

**(ਅ) ਬਰਾਬਰੀ ਤੇ ਭਰਾਤਰੀ-ਭਾਵ ਦੀ ਭਾਵਨਾ:**

ਕਿਸੇ ਵੀ ਲਹਿਰ ਦੇ ਸਰੂਪ ਨਾਲੋਂ ਉਸ ਦੀ ਸਪਿਰਟ ਜ਼ਿਆਦਾ ਅਹਿਮ ਹੁੰਦੀ ਹੈ। ਸਿੱਖ ਲਹਿਰ ਦੇ ਜਾਤਪਾਤ ਵਿਰੋਧੀ ਪੈਂਤੜੇ ਦੀ ਤੁਲਨਾ ਕਰਨ ਲਈ ਇਸ ਦੇ ਸਰੂਪ ਨਾਲੋਂ ਇਸ ਦੀ ਉਸ ਬਰਾਬਰੀ ਤੇ ਭਾਈ-ਭਾਈ ਵਾਲੀ ਸਪਿਰਟ ਨੂੰ ਜਾਂਚਣਾ ਵਧੇਰੇ ਜ਼ਰੂਰੀ ਹੈ ਜਿਹੜੀ ਸਪਿਰਟ ਖ਼ਾਲਸਾ ਪੰਥ ਦੇ ਇਨਕਲਾਬੀ ਦੌਰ ਵਿੱਚ ਸੀ।

ਗੁਰੂਆਂ ਦੇ ਧਰਮ ਦੀ ਨੀਂਹ ਬਰਾਬਰੀ ਦੇ ਸਿਧਾਂਤ ਉੱਤੇ ਰੱਖੀ ਗਈ ਸੀ ਅਤੇ ਇਹ ਸਿਧਾਂਤ ਲਹਿਰ ਦੇ ਇਨਕਲਾਬੀ ਦੌਰ ਵਿੱਚ ਅਮਲੀ ਤੌਰ ਉੱਤੇ ਲਾਗੂ ਰਿਹਾ। ਗੁਰੂ ਅੰਗਦ ਜੀ ਨੂੰ ਗੱਦੀ ਸੌਂਪਣ ਤੋਂ ਬਾਅਦ ਗੁਰੂ ਨਾਨਕ ਜੀ ਨੇ ਉਹਨਾਂ ਦੇ ਚਰਨਾਂ ਵਿੱਚ ਮੱਥਾ ਟੇਕਿਆ। ਇਹੀ ਰਸਮ ਬਾਅਦ ਦੇ ਗੁਰੂਆਂ ਨੇ ਵੀ ਜਾਰੀ ਰੱਖੀ। ਸਮੂਹ ਸੰਗਤ ਦੀ ਗੁਰੂ ਨਾਲੋਂ ਵੱਡੀ ਪਦਵੀ ਸਮਝੀ ਗਈ। (ਗੁਰੂ ਵੀਹ ਵਿਸਵੇ ਤੇ ਸੰਗਤ ਇੱਕੀ ਵਿਸਵੇ) ਭਾਈ ਗੁਰਦਾਸ ਨੇ ਬਾਰ-ਬਾਰ ਇਸ ਗੱਲ ਨੂੰ ਸਪਸ਼ਟ ਕੀਤਾ ਹੈ ਕਿ ਗੁਰੂ ਤੇ ਸਿੱਖ ਵਿਚਕਾਰ ਕੋਈ ਪਾੜਾ ਨਹੀਂ। "ਗੁਰ ਚੇਲਾ ਚੇਲਾ ਗੁਰੂ ਬੇਧਿ ਹੀਰੈ ਹੀਰਾ।", "ਸੋ ਗੁਰੂ ਸੋਈ ਸਿਖੁ ਹੈ ਜੋਤੀ ਜੋਤਿ ਸਮਾਣੇ।" ਗੁਰੂ ਅੰਗਦ ਸਾਹਿਬ ਰਬਾਬੀਆਂ ਨਾਲ ਇਸ ਕਰਕੇ ਨਾਰਾਜ਼ ਹੋ ਗਏ ਕਿਉਂਕਿ ਉਹਨਾਂ ਨੇ ਭਾਈ ਬੁੱਢਾ ਜੀ ਦੀ ਬੇਨਤੀ ਨੂੰ ਮੰਨਿਆ ਨਹੀਂ ਸੀ। ਗੁਰੂ ਸਾਹਿਬ ਨੇ ਕਿਹਾ, "ਗੁਰੂ ਦੇ ਸਿੱਖ ਨੂੰ ਮੇਰਾ ਸਰੂਪ ਜਾਣੋ; ਇਸ ਗੱਲ ਵਿੱਚ ਰਤਾ ਸੰਸਾ ਨਾ ਕਰੋ।" ਗੁਰੂ ਹਰਿਗੋਬਿੰਦ ਸਾਹਿਬ ਨੇ ਭਾਈ ਬੁੱਢਾ ਜੀ ਦੇ ਪੈਰਾਂ ਨੂੰ ਸਤਿਕਾਰ ਵਜੋਂ ਛੋਹਿਆ। ਭਾਈ ਬਿਧੀ ਚੰਦ ਨੂੰ ਉਹਨਾਂ ਦੱਸਿਆ ਸੀ ਕਿ ਗੁਰੂ ਅਤੇ ਉਸ ਵਿੱਚ ਕੋਈ ਫ਼ਰਕ ਨਹੀਂ। ਛੇਵੇਂ ਗੁਰੂ ਜੀ ਨੇ ਹੀ ਆਪਣੇ ਪਰਵਾਰ ਨੂੰ ਇਸ ਕਰ ਕੇ ਤਾੜਿਆ ਕਿ ਉਹਨਾਂ ਸਿੱਖਾਂ ਨੂੰ ਮਠਿਆਈ ਨਹੀਂ ਦਿੱਤੀ ਸੀ, ਕਿਉਂਕਿ "ਸਿੱਖ ਮੋਕੇ ਪ੍ਰਾਨਨ ਤੇ ਪਿਆਰੇ।" ਸਿੱਖ ਇੱਕ ਦੂਜੇ ਨੂੰ ਭਾਈ ਕਹਿ ਕੇ ਬੁਲਾਉਂਦੇ ਸਨ ਜਿਸ ਤੋਂ ਉਹਨਾਂ ਵਿਚਕਾਰ ਬਰਾਬਰੀ ਦਾ ਪੱਧਰ ਜ਼ਾਹਰ ਹੁੰਦਾ ਹੈ। ਗੁਰੂਆਂ ਦੇ ਸਿੱਖਾਂ ਵੱਲ ਲਿਖੇ ਜਿੰਨੇ ਵੀ ਪੱਤਰ (ਹੁਕਮਨਾਮੇ) ਮਿਲਦੇ ਹਨ, ਉਹਨਾਂ ਵਿੱਚ ਗੁਰੂਆਂ ਨੇ ਆਪਣੇ ਸਿੱਖਾਂ ਨੂੰ ਭਾਈ ਸ਼ਬਦ ਨਾਲ ਮੁਖਾਤਿਬ ਕੀਤਾ ਹੈ। ਇਸੇ ਪਰੰਪਰਾ ਨੂੰ ਜਾਰੀ ਰੱਖਦਿਆਂ ਹੋਇਆਂ ਗੁਰੂ ਗੋਬਿੰਦ ਸਿੰਘ ਜੀ ਨੇ ਪੰਜ ਪਿਆਰਿਆਂ ਨੂੰ ਹੱਥ ਜੋੜ ਕੇ ਬੇਨਤੀ ਕੀਤੀ ਕਿ ਉਹ ਗੁਰੂ ਜੀ ਨੂੰ ਅੰਮ੍ਰਿਤ ਛਕਾਉਣ। ਇਸ ਤੋਂ ਜ਼ਾਹਰ ਹੁੰਦਾ ਹੈ ਕਿ ਉਹ ਨਾ ਸਿਰਫ਼ ਉਹਨਾਂ ਨੂੰ ਆਪਣੇ ਬਰਾਬਰ ਸਮਝਦੇ ਸਨ, ਸਗੋਂ ਉਹਨਾਂ ਨੂੰ ਇੱਕ ਤਰ੍ਹਾਂ ਆਪਣਾ ਲੀਡਰ ਵੀ ਬਣਾਇਆ। ਇਹ ਆਖ਼ਰੀ ਹੱਦ ਹੈ ਜਿੱਥੋਂ ਤੱਕ ਕੋਈ ਧਾਰਮਕ ਆਗੂ ਆਪਣੇ ਪੈਰੋਕਾਰਾਂ ਨਾਲ ਮਾਨਵੀ ਬਰਾਬਰੀ ਨੂੰ ਅਮਲ ਵਿੱਚ ਲਿਆ ਸਕਦਾ ਹੈ ਜਾਂ ਉਸ ਬਾਰੇ ਸੋਚ ਸਕਦਾ ਹੈ।

ਬਰਾਬਰੀ ਦੀ ਭਾਵਨਾ ਨਾਲੋਂ ਭਰਾਤਰੀ ਭਾਵ ਦੀ ਭਾਵਨਾ ਨੂੰ ਅਪਨਾਉਣਾ ਹੋਰ ਵੀ ਮੁਸ਼ਕਲ ਹੈ। ਇਹ ਨਵੀਂ ਭਾਵਨਾ ਸਿੱਖ ਸਿਧਾਂਤਾਂ ਅਤੇ ਪਹੁੰਚ (approach) ਦੀ ਇੱਕ ਕੁਦਰਤੀ ਲੜੀ ਸੀ। ਸਿੱਖ ਸਾਹਿਤ ਵਿੱਚ ਭਰਾਤਰੀ ਭਾਵ ਉੱਤੇ ਬਹੁਤ ਜ਼ੋਰ ਦਿੱਤਾ ਗਿਆ ਹੈ। ਜਿਸ ਹੱਦ ਤੱਕ ਇਹ ਭਾਵਨਾ ਨੂੰ ਅਮਲ ਵਿੱਚ ਲਿਆਂਦਾ ਗਿਆ, ਉਹ ਸਿੱਖ ਭਾਈਚਾਰੇ ਦਾ ਹੋਰ ਵੀ ਵਿਸ਼ੇਸ਼ ਅੰਗ ਹੈ।

ਕਿਉਂਕਿ ਗੁਰੂ ਅਤੇ ਸਿੱਖ ਵਿੱਚ ਕੋਈ ਭੇਦ ਨਹੀਂ ਸੀ, ਇਸ ਕਰਕੇ ਗੁਰੂ ਦੀ ਸੇਵਾ ਨੇ ਸਹਿਜੇ ਹੀ ਸਿੱਖਾਂ ਦੀ ਸੇਵਾ ਦੀ ਸ਼ਕਲ ਫੜ ਲਈ। "ਗੁਰਮੁਖਿ ਸੇਵਾ ਗੁਰਸਿਖਾ ਗੁਰ ਸਿਖ ਮਾਂ ਪਿਉ ਭਾਈ ਪਿਤਾ।", "ਗੁਰ ਸਿਖਾਂ ਸਿਖਾਂ ਗੁਰ ਸਿਖ ਸੇਵ ਕਮਾਵਣੀ।" ਗੁਰੂ ਗੋਬਿੰਦ ਸਿੰਘ ਜੀ ਦਾ ਫ਼ੁਰਮਾਨ ਹੈ, "ਸੇਵ ਕਰੀ ਇਨਹੀ ਕੀ ਭਾਵਤ ਅਉਰ ਕੀ ਸੇਵ ਸੁਹਾਤ ਨ ਜੀ ਕੋ।" ਸਿੱਖ ਰਹਿਤਨਾਮਿਆਂ ਵਿੱਚ ਇਸ ਪਰੰਪਰਾ ਦਾ ਲਗਾਤਾਰ ਜ਼ਿਕਰ ਆਉਂਦਾ ਹੈ। "ਨਿਰਧਨ ਦੇਖਿ ਨ ਪਾਸ ਬਹਾਵਹਿ ਸੋ ਤਨਖਾਹੀ ਮੂਲ ਕਹਾਵਹਿ।", "ਸੇਵਾ ਕਰਣੀ ਸਿਖ ਕੀ ਅਰੁ ਅਥਿਤ ਕੀ।", "ਜੋ ਦਸ ਸਿੱਖ ਮੰਜੇ ਚੜ੍ਹਿ ਸਵਨ, ਗਰੀਬ ਸਿਖ ਭੁੰਜੇ ਸਵਨ - ਆਦਰ ਨ ਕਰਨ, ਸੋ ਤਨਖਾਹੀਏ।" "ਮੂਲ ਇਸ ਸਿੱਖੀ ਦਾ ਸੇਵਾ, ਭਾਉ-ਭਗਤਿ ਹੈ।"

ਸਰੂਪ ਦਾਸ ਭੱਲੇ ਨੇ ਲਿਖਿਆ ਹੈ ਕਿ ਸਿੱਖ ਪੰਥ ਵਿੱਚ ਇਸ ਸਿਧਾਂਤ ਨੂੰ ਪੂਰੀ ਤਰ੍ਹਾਂ ਲਾਗੂ ਕੀਤਾ ਜਾਂਦਾ ਸੀ। "ਸਿਖ ਸਿਖ ਕੋ ਗੁਰ-ਰੂਪ ਕਰ ਸੇਵੈ।" ਭੰਗੂ ਲਿਖਦਾ ਹੈ, "ਕਿਸੈ ਸ਼ਰੀਕੋ ਕਰੈ ਕੋਊ ਨਾਂਹਿ। ਦੌੜ ਦੌੜ ਸਿੰਘ ਟਹਲ ਕਮਾਹਿ।", "ਉਨ ਸਿੰਘ ਪਾਸ ਕੋਊ ਔਰ ਸਿੰਘ ਆਵੈ। ਉਸੈ ਖੁਲਾਇ ਕੇ ਤੌ ਆਪ ਖਾਵੈਂ। ਜਿਸ ਸਿਖ ਪਹਿ ਕਮ ਹੋਇ ਚੂਨ। ਉਸ ਖੁਲਾਵੈ ਆਪ ਰਹਿ ਊਨ। ਔਰ ਪ੍ਰਸ਼ਾਦੇ ਵੰਡ ਕੈ ਖਾਹਿ। ਮਿੱਠਾ ਬੋਲੇ ਸਿੱਖੀ ਕਮਾਹਿ। ... ਹੁਤੀ ਪਹਿਲੋਂ ਖਾਲਸੈ ਯਹ ਰੀਤ। ਇਕਲੋ ਨ ਖਾਵੈ ਲੂਕ ਕਰ ਕੀਤ। ਇਕ

ਪੈ ਹੋਇ ਤੌ ਸਭ ਮਿਲ ਖਾਹਿ। ਨਹਿ ਹੁਇ ਤੋ 'ਲੰਗਰ ਮਸਤ' ਅਖਾਹਿ। ਔਰ ਖੁਲਾਇ ਆਪ ਪਿਛੋਂ ਖਾਵੈ। ਬਹੁਤ ਪਿਆਰ ਕਰ ਸਿੰਘਨ ਸਦਾਵੈ।" "ਗੁਰੂ ਕੋ ਸਿਖ ਜੋ ਸਿਖਨ ਭ੍ਰਾਤ।" ਮੁਗਲਾਂ ਨਾਲ ਜੱਦੋ-ਜਹਿਦ ਦੇ ਦਿਨਾਂ ਵਿੱਚ ਮੁਗਲ ਗਵਰਨਰ ਨੂੰ ਸਿੱਖਾਂ ਦੇ ਖ਼ਿਲਾਫ਼ ਇੱਕ ਨਿਰੰਜਣੀਏ ਇਤਲਾਹ ਦਿੱਤੀ ਕਿ, "ਐਸੇ ਐਸੇ ਸਿੰਘ ਜਗ ਮਾਂਹੀ। ਸਿੰਘ ਛਕਾਇ ਪੀਐਂ ਨਿਜ ਖਾਹੀਂ। ਆਪ ਸਹੇਂ ਵੈ ਨੰਗ ਅਰ ਭੁੱਖ। ਦੇਖ ਸਕੈਂ ਨਹਿ ਸਿੰਘਨ ਦੁੱਖ। ਆਪ ਗੁਜ਼ਾਰੇਂ ਅਗਨੀ ਨਾਲ। ਸਿੰਘਨ ਘਲੈ ਪੁਸ਼ਾਕ ਸਿਵਾਲ। ਕਈ ਪੀਸਨਾ ਪੀਸ ਕਮਾਵੈ। ਵੈ ਭੀ ਸਿੰਘਨ ਪਾਸ ਪੁਚਾਵੈ। ਬਾਣ ਬੱਟ ਕਈ ਕਰੈਂ ਮਜੂਰੀ। ਭੇਜੈਂ ਸਿੰਘਨ ਪਾਸ ਜ਼ਰੂਰੀ। ਦੂਰ ਜਾਇ ਜੋ ਚਾਕਰੀ ਕਰਿਹੀਂ। ਆਏ ਸਿੰਘਨ ਕੋ ਆਗੈ ਧਰਿਹੀਂ। ਸਿੰਘ ਜੋਊ ਪਰਦੇਸ ਸਿਧਾਰੇ। ਭੇਜੈਂ ਸਿੰਘਨ ਓਇ ਗੁਰ ਪਯਾਰੇ।" ਖ਼ਾਲਸਾ ਦਲ ਵਿੱਚ: "ਇੱਕ ਥਾਂ 'ਤੇ ਸਭ ਲੇਹੁ ਪੁਸ਼ਾਕ। ਇਕਹਿ ਥਾਇ ਸਭ ਦੇਵਹਿ ਰਾਖ। ਇਕੇਂ ਥਾਇ ਸਭ ਰਖਹਿ ਕਮਾਈ। ਰਖੈ ਨਹੀਂ ਕੋਊ ਛਪਾਈ।"

ਗ਼ੈਰ-ਸਿੱਖ ਇਤਿਹਾਸਕ ਸੋਮਿਆਂ ਤੋਂ ਵੀ ਸਿੱਖਾਂ ਵਿੱਚ ਬਰਾਬਰੀ ਤੇ ਭਰਾਤਰੀ-ਭਾਵ ਦੀ ਪ੍ਰਚੱਲਤ ਸਪਿਰਟ ਦੀ ਪੁਸ਼ਟੀ ਹੁੰਦੀ ਹੈ।'ਫਤੂਹਤ ਨਾਮਾ-ਏ-ਸਮਦੀ' ਦਾ ਲੇਖਕ ਗ਼ੁਲਾਮ ਮਹਯੂਦੀਨ ਬਾਬਾ ਬੰਦਾ ਸਿੰਘ ਬਹਾਦਰ ਦੇ ਵੇਲੇ ਹੋਇਆ (1722-23)। ਉਹ ਲਿਖਦਾ ਹੈ ਕਿ ਹਿੰਦੂ ਜਾਤਾਂ ਵਿੱਚੋਂ ਨੀਵੀਆਂ ਜਾਤਾਂ ਵਾਲੇ ਲੋਕ ਬੰਦੇ ਦੀ ਫ਼ੌਜ ਵਿੱਚ ਜ਼ਿਆਦਾ ਸਨ। ਇਹਨਾਂ (ਸਿੱਖਾਂ) ਨੂੰ ਉਹ (ਖਾਸ-ਓ-ਖਸ਼ਾਕ-ਏ-ਹਨੂਦ-ਜਹੱਨਮੀ-ਵਜੂਦ) ਦੋਜ਼ਖੀ ਹਿੰਦੂ ਸਮਾਜ ਦੀ ਮੈਲ ਕਹਿੰਦਾ ਹੈ। ਉਹਨਾਂ (ਸਿੱਖਾਂ) ਵਿੱਚ ਹਰ ਕੋਈ ਇੱਕ ਦੂਜੇ ਨੂੰ ਮਜ਼ਲੂਮ ਗੁਰੂ ਦਾ ਬੇਟਾ ਕਹਿ ਕੇ ਬੁਲਾਂਦਾ ਸੀ। ਅਤੇ ਆਪਣੇ-ਆਪ ਨੂੰ ਸਾਹਿਬਜ਼ਾਦਾ (ਗੁਰੂ ਸਾਹਿਬ ਦਾ ਬੇਟਾ) ਕਹਾਉਂਦਾ ਸੀ। "ਯਾਕੀ ਰਾ ਬ ਤਰਗੀਬ-ਦੇ-ਦਿਗਰਾਨ ਪਿਸਰ-ਏ-ਖਾਂਦਾ-ਗੁਰੂ-ਏ-ਮਕਹੂਰ ਗੁਫ਼ਤਾ ਬ ਲਕੁਬ-ਏ-ਸਾਹਿਬਜ਼ਾਦਗੀ ਮਸ਼ਹੂਰ ਕਰਦਾਹ।" ਔਰੰਗਜ਼ੇਬ ਦੇ ਵੇਲੇ ਦਾ ਇੱਕ ਗ਼ੈਰ-ਸਿੱਖ ਇਤਿਹਾਸਕਾਰ ਲਿਖਦਾ ਹੈ ਕਿ "ਜੇ ਅੱਧੀ ਰਾਤ ਨੂੰ ਆ ਕੇ ਨਾਨਕ ਦਾ ਨਾਂ ਲੈ ਕੇ ਕੋਈ ਚੋਰ ਵੀ ਸਿੱਖਾਂ ਦਾ ਦਰਵਾਜ਼ਾ ਖੜਕਾ ਦੇਵੇ, ਤਾਂ ਉਸ ਨੂੰ ਮਿੱਤਰ ਤੇ ਭਰਾ ਸਮਝਿਆ ਜਾਂਦਾ ਹੈ ਅਤੇ ਉਸ ਦੀ ਠੀਕ ਤਰ੍ਹਾਂ ਸੇਵਾ ਕੀਤੀ ਜਾਂਦੀ ਹੈ।" ਮੀਰ ਗੁਲਾਮ ਹੁਸਨ ਖ਼ਾਨ (1783) ਖ਼ਾਲਸਾ ਪੰਥ ਬਾਰੇ ਲਿਖਦਾ ਹੈ ਕਿ "ਜਦੋਂ ਕੋਈ ਇਨਸਾਨ ਉਹਨਾਂ ਦੇ ਭਾਈਚਾਰੇ ਵਿੱਚ ਸ਼ਾਮਲ ਕਰ ਲਿਆ ਜਾਂਦਾ ਹੈ ਤਾਂ ਉਹ ਉਸ ਬਾਰੇ ਕੋਈ ਸ਼ੰਕਾ ਨਹੀਂ ਕਰਦੇ, ਭਾਵੇਂ ਉਹ ਕਿਸੇ ਵੀ ਕਬੀਲੇ ਜਾਂ ਵੰਸ਼ ਵਿੱਚੋਂ ਆਇਆ ਹੋਵੇ। ਅਤੇ ਨਾ ਹੀ ਉਹ ਉਹਨਾਂ ਵਿਤਕਰਿਆਂ ਤੇ ਭੇਦ-ਭਾਵਾਂ ਦੀ ਵਰਤੋਂ ਕਰਦੇ ਹਨ ਜੋ ਹਿੰਦੂਆਂ ਦੇ ਮਨਾਂ ਵਿੱਚ ਡੂੰਘੇ ਧਸੇ ਹੋਏ ਹਨ।" ਇਸ ਬਿਆਨ ਦੇ ਅਖੀਰਲੇ ਹਿੱਸੇ ਉੱਤੇ ਟਿੱਪਣੀ ਕਰਦਿਆਂ ਸੰਪਾਦਕ ਲਿਖਦਾ ਹੈ, "ਵਿਤਕਰਿਆਂ ਤੇ ਭੇਦ-ਭਾਵਾਂ ਤੋਂ ਇਸ਼ਾਰਾ ਉਸ ਛੂਤ-ਛਾਤ ਵੱਲ ਹੈ ਜੋ ਅਛੂਤਾਂ ਨਾਲ ਛੋਹਣ ਜਾਂ ਉਹਨਾਂ ਨਾਲ ਖਾਣ ਬਾਰੇ ਹਿੰਦੂਆਂ ਵਿੱਚ ਚੀੜ੍ਹੀ ਸ਼ਕਲ ਵਿੱਚ ਹੈ।" ਉਸ ਸਮੇਂ ਬਾਰੇ 'ਹਕੀਕਤ' ਦਾ ਲੇਖਕ ਲਿਖਦਾ ਹੈ ਕਿ "ਸਿੱਖਾਂ ਨੂੰ ਹਿਦਾਇਤ ਸੀ, 'ਤੁਹਾਡੇ ਨਾਲ ਕਿਸੇ ਵੀ ਕਬੀਲੇ ਤੋਂ ਆ ਕੇ ਕੋਈ ਸ਼ਾਮਲ ਹੋਵੇ, ਉਸ ਨਾਲ ਵਿਤਕਰਾ ਨਾ ਕਰੋ ਅਤੇ ਬਿਨਾਂ ਕਿਸੇ ਭਰਮ ਦੇ ਉਸ ਨਾਲ ਬੈਠ ਕੇ ਖਾਉ।' ਹੁਣ ਵੀ ਉਹਨਾਂ ਦੀ ਏਹੋ ਰੀਤ ਹੈ।" ਸੋ ਸਾਨੂੰ ਦੋ ਸੁਤੰਤਰ ਸੋਮਿਆਂ ਤੋਂ ਬਹੁਤ ਚੰਗੀਆਂ ਗਵਾਹੀਆਂ ਮਿਲਦੀਆਂ ਹਨ ਕਿ ਘੱਟੋ-ਘੱਟ ਸੰਨ 1783 ਤੱਕ ਸਿੱਖਾਂ ਵਿੱਚ ਸਾਂਝੀਆਂ ਜਾਤਾਂ ਸ਼ਾਮਲ ਸਨ ਤੇ ਉਹ ਬਿਨਾਂ ਝੱਕ ਦੇ ਇੱਕ ਦੂਜੇ ਨਾਲ ਬੈਠ ਕੇ ਖਾਂਦੇ ਸਨ। 'ਹਕੀਕਤ' ਦੀ ਗਵਾਹੀ ਤੋਂ ਇਹ ਸਪਸ਼ਟ ਹੈ ਕਿ ਖਤਰੀ, ਜੱਟ, ਲੁਹਾਰ, ਤਰਖਾਣ ਤੇ ਬਾਣੀਏ ਸਾਰੇ ਖ਼ਾਲਸਾ ਪੰਥ ਵਿੱਚ ਸ਼ਾਮਲ ਸਨ ਅਤੇ ਕੱਠੇ ਮਿਲ ਕੇ ਖਾਂਦੇ ਸਨ ਅਤੇ ਹੁਣ ਵੀ ਉਹਨਾਂ ਦੀ ਏਹੋ ਰੀਤ ਹੈ।

ਸਿੱਖ ਲਹਿਰ ਵੱਲੋਂ ਅਪਣਾਏ ਗਏ ਬਰਾਬਰੀ ਤੇ ਭਰਾਤਰੀ ਭਾਵ ਦੇ ਅਮਲ ਦੀ ਅਹਿਮੀਅਤ ਨੂੰ ਉਸ ਦੇ ਪਿਛੋਕੜ ਵਿੱਚ ਰੱਖ ਕੇ ਹੀ ਸਮਝਿਆ ਜਾ ਸਕਦਾ ਹੈ— ਜਿਸ ਪਿਛੋਕੜ ਵਿੱਚੋਂ ਇਹ ਤਬਦੀਲੀ ਲਿਆਂਦੀ ਗਈ। ਬਿਊਗਲ ਲਿਖਦਾ ਹੈ ਕਿ "ਜਾਤ-ਪਾਤ ਦੀ ਸਪਿਰਟ ਵਿੱਚ ਤਿੰਨ ਲੜੀਆਂ ਦਾ ਮੇਲ ਹੈ। ਦੂਸਰਿਆਂ ਨੂੰ ਧਿਰਕਾਰਨਾ, ਦਰਜਾ-ਬਦਰਜੀ ਤੇ ਕਿੱਤੇ ਜਾਂ ਪੈਸੇ ਦਾ ਜੱਦੀ ਹੋਣਾ... ਅਜਿਹਾ ਸਮਾਜ ਅਸੀਂ ਉਸ ਨੂੰ ਕਹਿੰਦੇ ਹਾਂ ਜਿਹੜਾ ਵੱਡੀ ਗਿਣਤੀ ਦੇ ਆਪਸ-ਵਿਰੋਧੀ ਐਸੇ ਗਰੁੱਪਾਂ ਵਿੱਚ ਵੰਡਿਆ ਹੋਵੇ ਜਿਨ੍ਹਾਂ ਦਾ ਪੇਸ਼ਾ ਜੱਦੀ ਹੋਵੇ ਅਤੇ ਜੋ ਦਰਜਾ-ਬਦਰਜੀ ਦੀ ਤਰਤੀਬ ਵਿੱਚ ਹੋਣ। ਐਸਾ ਸਮਾਜ, ਜੋ ਅਸੂਲਨ ਤੌਰ ਉੱਤੇ ਗਰੁੱਪਾਂ ਵਿਚਕਾਰ ਸ਼ਾਦੀ, ਖਾਣ-ਪੀਣ ਅਤੇ ਪੇਸ਼ਾ ਬਦਲਣ ਨੂੰ ਨਹੀਂ ਸਹਾਰਦਾ।" "ਸਮਾਜੀ ਅਤੇ ਸਿਆਸੀ ਦ੍ਰਿਸ਼ਟੀਕੋਣ ਤੋਂ ਵੇਖਿਆਂ ਜਾਤਪਾਤ ਦੇ ਲੱਛਣ ਹਨ: ਗਵਾਂਢੀਆਂ ਵਿਚਕਾਰ ਪਾਟੋਧਾੜ, ਨਫ਼ਰਤ, ਈਰਖਾ ਤੇ ਬੇਇਤਬਾਰੀ।" ਨੈਸਫੀਲਡ ਵੀ ਇਸੇ ਨਤੀਜੇ 'ਤੇ ਪਹੁੰਚਦਾ ਹੈ ਕਿ ਜਾਤ-ਪਾਤ ਪ੍ਰਬੰਧ ਸਮਾਜੀ ਦੁਫੇੜ ਨੂੰ ਇਸ ਦਰਜੇ ਤੱਕ ਵਧਾ

ਦੇਂਦਾ ਹੈ ਕਿ ਸਾਰੇ ਮਨੁੱਖੀ ਇਤਿਹਾਸ ਵਿੱਚ ਇਸ ਦੀ ਕੋਈ ਮਿਸਾਲ ਨਹੀਂ ਲੱਭਦੀ। ਜਾਤ-ਪਾਤ ਮਜ਼ਮੂਨ ਦੇ ਸਾਰੇ ਮਾਹਿਰ ਸਹਿਮਤ ਹਨ ਕਿ ਇੱਕ-ਦੂਜੇ ਤੋਂ ਨਫ਼ਰਤ ਅਤੇ ਫੁੱਟ, ਨਾਬਰਾਬਰੀ ਅਤੇ ਦਰਜਾ-ਬਦਰਜੀ, ਜਾਤਪਾਤੀ ਪ੍ਰਬੰਧ ਦੀ ਅੰਦਰੂਨੀ ਬਣਤਰ ਦੇ ਅੰਗ ਹਨ।

ooooo

## ਸਮਕਾਲੀ ਸੰਦਰਭ

### 1. ਸਿੱਖ ਵਿਰਾਸਤ ਨੂੰ ਬਚਾਉਣ ਦੀ ਅਪੀਲ

ਵਾਹਿਗੁਰੂ ਜੀ ਕਾ ਖ਼ਾਲਸਾ,

ਵਾਹਿਗੁਰੂ ਜੀ ਕੀ ਫ਼ਤਿਹ॥

ਸਤਿਕਾਰਯੋਗ ਜੀ,

ਰਾਸ਼ਟਰੀ ਸਵਯਮ ਸੇਵਕ ਸੰਘ ਹਮੇਸ਼ਾ ਤੋਂ ਸਿੱਖ ਪੰਥ ਦੇ ਅੰਦਰ ਘੁਸਪੈਠ ਕਰ ਕੇ ਆਪਣੀਆਂ ਕੁਟਲ ਨੀਤੀਆਂ ਰਾਹੀਂ ਸਾਡਾ ਵਿਰਸਾ ਕਮਜ਼ੋਰ ਕਰਨ ਦੇ ਮਨਸੂਬੇ ਘੜਦਾ ਰਹਿੰਦਾ ਹੈ। RSS ਨੇ ਆਪਣੀਆਂ ਨੀਤੀਆਂ ਨੂੰ ਸਿੱਖ ਪੰਥ ਵਿੱਚ ਫੈਲਾਉਣ ਵਾਸਤੇ ਰਾਸ਼ਟਰੀ ਸਿੱਖ ਸੰਗਤ ਨਾਂ ਦੀ ਸੰਸਥਾ ਬਣਾਈ ਹੋਈ ਹੈ ਜੋ ਸਿੱਖ ਪੰਥ ਵਿੱਚ ਸੰਘ ਦੀ ਵਿਚਾਰਧਾਰਾ ਨੂੰ ਪਹੁੰਚਾਉਣ ਦਾ ਕੰਮ ਕਰ ਰਹੀ ਹੈ। RSS ਵਾਲੇ ਸਿੱਖ ਸਮਾਜ ਵਿੱਚ ਗੁਰੂ-ਬਾਣੀ ਦੇ ਗ਼ਲਤ ਅਰਥ ਪ੍ਰਚਾਰਨਾ ਚਾਹ ਰਹੇ ਹਨ। RSS ਦੇ ਵਿਧਾਨ ਵਿੱਚ ਸਪਸ਼ਟ ਹੈ ਕਿ RSS ਹਿੰਦੂਆਂ ਨੂੰ ਮਜ਼ਬੂਤ ਕਰਨ ਵਾਸਤੇ ਸੰਘਰਸ਼ ਕਰ ਰਿਹਾ ਹੈ। ਉਹ ਸਾਰੇ ਦੇਸ਼ ਵਿੱਚ ਹਿੰਦੂ ਰਾਜ ਸਥਾਪਤ ਹੋਇਆ ਦੇਖਣਾ ਚਾਹੁੰਦੇ ਹਨ ਅਤੇ ਸਿੱਖ ਪੰਥ ਨੂੰ ਹਿੰਦੂ ਧਰਮ ਦਾ ਇੱਕ ਅੰਗ ਸਿੱਧ ਕਰਨਾ ਚਾਹੁੰਦੇ ਹਨ। 1 ਸਤੰਬਰ 2004 ਨੂੰ ਜੁਗੋ-ਜੁਗ ਅਟੱਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਚਾਰ ਸੌਵਾਂ (ਸ਼ਤਾਬਦੀ) ਪੁਰਬ ਆ ਰਿਹਾ ਹੈ। ਇਹ ਪੁਰਬ ਪੂਰਾ ਨਾਨਕ ਨਾਮ ਲੇਵਾ ਸਿੱਖ ਪੰਥ ਬੜੇ ਉਤਸ਼ਾਹ ਨਾਲ ਮਨਾ ਰਿਹਾ ਹੈ।

RSS ਵਾਲੇ ਆਪਣੀ ਇੱਕ ਚਾਲ ਦੇ ਤਹਿਤ ਇਸ ਮਹਾਨ ਪੁਰਬ ਨੂੰ ਮਨਾਉਣ ਜਾ ਰਹੇ ਹਨ। ਸੰਘ ਦੀ ਸਿੱਖ ਪੰਥ ਵਿੱਚ ਘੁਸਪੈਠ ਕਰਨ ਵਾਸਤੇ ਬਣਾਈ ਗਈ ਸੰਸਥਾ ਰਾਸ਼ਟਰੀ ਸਿੱਖ ਸੰਗਤ ਦੇ ਰਾਹੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 400 ਸਾਲਾ ਪ੍ਰਕਾਸ਼ ਪੁਰਬ ਤੇ ਪੂਰੇ ਦੇਸ਼ ਵਿੱਚ ਪਦ-ਯਾਤਰਾ ਕੱਢ ਰਹੀ ਹੈ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਅੱਗੇ ਰੱਖ ਕੇ ਕੱਢੀਆਂ ਜਾਣਗੀਆਂ। ਵੇਖਣ ਵਿੱਚ ਇਹ ਬਹੁਤ ਹੀ ਚੰਗੀ ਦਿਖਣ ਵਾਲੀ ਯੋਜਨਾ ਹੈ ਪਰ ਬਹੁਤ ਹੀ ਖ਼ਤਰਨਾਕ ਅਤੇ ਸਿੱਖੀ 'ਤੇ ਹਮਲਾ ਕਰਨ ਵਾਲੀ ਯੋਜਨਾ ਹੈ। ਇਸ ਯੋਜਨਾ ਵਿੱਚ RSS ਪੂਰੇ ਸਮਾਜ ਵਿੱਚ ਯਾਤਰਾਵਾਂ ਰਾਹੀ ਘੁਸਪੈਠ ਕਰੇਗਾ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਹਿੰਦੂਆਂ ਦਾ ਗ੍ਰੰਥ ਸਾਬਿਤ ਕਰੇਗਾ। ਸਾਰੀਆਂ ਯਾਤਰਾਵਾਂ ਵਿੱਚ ਹਿੰਦੂ ਰੀਤੀਆਂ ਨਾਲ ਗੁਰੂ ਗ੍ਰੰਥ ਸਾਹਿਬ ਜੀ ਦੇ ਸਵਾਗਤ ਕੀਤੇ ਜਾਣਗੇ। ਹਿੰਦੂ ਰੀਤੀਆਂ ਨਾਲ ਆਰਤੀਆਂ ਉਤਾਰੀਆਂ ਜਾਣਗੀਆਂ।

ਦੂਜਾ, ਯਾਤਰਾ ਵਿੱਚ ਜੋ ਚੜ੍ਹਾਵਾ (ਗੋਲਕ) ਆਵੇਗਾ ਉਹ ਰਾਸ਼ਟਰੀ ਸਿੱਖ ਸੰਗਤ ਨੂੰ ਦੇ ਦਿੱਤਾ ਜਾਵੇਗਾ ਜੋ ਇਹਨਾਂ ਪੰਜ ਯਾਤਰਾਵਾਂ ਵਿੱਚ 2 ਕਰੋੜ ਰੁਪਿਆ ਹੋਣ ਦੀ ਆਸ ਹੈ। ਰੋਜ਼ ਇੱਕ ਯਾਤਰਾ ਵਿੱਚ ਲਗਭਗ 40 ਤੋਂ 50 ਹਜ਼ਾਰ ਰੁਪਏ ਚੜ੍ਹਾਵਾ ਚੜ੍ਹਨ ਦੀ ਉਮੀਦ ਹੈ ਜੋ ਸਭ ਮਿਲਾ ਕੇ 2 ਕਰੋੜ ਰੁਪੈ ਹੋਣ ਦੀ ਆਸ ਹੈ। ਜਿੱਥੇ-ਜਿੱਥੇ ਭਾਜਪਾ ਦੀਆਂ ਸਰਕਾਰਾਂ ਹਨ, ਜਿਵੇਂ ਰਾਜਸਥਾਨ, ਗੁਜਰਾਤ, ਐਮ.ਪੀ., ਝਾਰਖੰਡ, ਛੱਤੀਸਗੜ੍ਹ ਵਿੱਚ, ਇਹ ਸਰਕਾਰਾਂ 25-25 ਲੱਖ ਯਾਤਰਾ ਵਾਸਤੇ ਦੇਣਗੀਆਂ। ਇਸ ਤਰ੍ਹਾਂ ਰਾਸ਼ਟਰੀ ਸਿੱਖ ਸੰਗਤ ਦੀ ਆਰਥਕ ਸਥਿਤੀ ਮਜ਼ਬੂਤ ਕਰਨ ਦੀ ਯੋਜਨਾ ਹੈ। ਜੋ ਧਨ ਰਾਸ਼ਟਰੀ ਸਿੱਖ ਸੰਗਤ ਕੋਲ ਆਵੇਗਾ, ਇੱਕ ਯੋਜਨਾ ਦੇ ਤਹਿਤ ਉਸ ਨਾਲ ਸਿੱਖ ਪੰਥ ਨੂੰ ਭਟਕਾਉਣ ਵਾਲਾ ਸਾਹਿਤ (ਲਿਟ੍ਰੇਚਰ) ਛਾਪਿਆ ਜਾਵੇਗਾ। ਛਾਪੇਖਾਨੇ ਅਤੇ ਪ੍ਰਚਾਰਕਾਂ ਦੀ ਭਰਤੀ ਕੀਤੀ ਜਾਵੇਗੀ। ਆਪ ਜੀ ਬੜੇ ਹੀ ਡੂੰਘਾਈ ਨਾਲ ਸੋਚੋ, ਬਹੁਤ ਖ਼ਤਰਨਾਕ ਯੋਜਨਾ ਹੈ! ਅਗਰ RSS ਦਾ ਵਿਰੋਧ ਨਹੀਂ ਕੀਤਾ ਤਾਂ ਸਾਨੂੰ ਬੜਾ ਦੁੱਖ ਦੇਖਣਾ ਪੈ ਸਕਦਾ ਹੈ। ਸੋ, ਹੁਣ ਤੋਂ ਇਹਨਾਂ ਦੀਆਂ ਚਾਲਾਂ ਤੋਂ ਸਾਵਧਾਨ ਹੋ ਜਾਉ।

ਧੋਖੇ ਵਾਲੀ ਗੱਲ ਇਹ ਹੈ ਕਿ ਸਾਰਾ ਕੰਮ ਰਾਸ਼ਟਰੀ ਸਵਯਮ ਸੇਵਕ ਸੰਘ ਰਾਸ਼ਟਰੀ ਸਿੱਖ ਸੰਗਤ ਕੋਲੋਂ ਕਰਵਾ ਰਿਹਾ ਹੈ ਪਰ ਪੇਪਰਾਂ ਵਿੱਚ ਇਹ ਸਾਰਾ ਕੁਝ 'ਸ੍ਰੀ ਗੁਰੂ ਗ੍ਰੰਥ ਸਾਹਿਬ ਚਾਰ ਸੌ ਸਾਲਾ ਪ੍ਰਕਾਸ਼ ਉਤਸਵ ਕਮੇਟੀ' ਦੇ ਨਾਂ ਹੇਠ ਹੋ ਰਿਹਾ ਹੈ ਜੀ। ਸੰਘ ਹਰ ਚਾਲ ਤੇ ਧੋਖਾ ਕਰ ਰਿਹਾ ਹੈ ਜੀ। ਸੰਘ ਦੀਆਂ ਗੰਦੀਆਂ ਅਤੇ ਕੁਟਲ ਚਾਲਾਂ ਦੇ ਖ਼ਿਲਾਫ਼ ਅਸੀਂ ਆਪ ਜੀ ਨੂੰ ਸਾਵਧਾਨ ਕਰਦੇ ਹਾਂ ਜੀ ਅਤੇ ਬੇਨਤੀ ਕਰਦੇ ਹਾਂ ਕਿ ਇਹਨਾਂ ਦੀਆਂ ਕਰਤੂਤਾਂ ਨੂੰ ਨੰਗਾ ਕਰੋ ਅਤੇ ਕਿਸੇ ਕਿਸਮ ਦਾ ਸਹਿਯੋਗ ਇਹਨਾਂ ਨੂੰ ਨਾ ਦਿਉ।

ਆਪ ਜੀ ਦੇ ਪ੍ਰਤੀ ਬੇਨਤੀ ਹੈ ਕਿ ਆਪ ਇਹਨਾਂ ਨੂੰ ਠੱਲ੍ਹ ਪਾਉਣ ਵਾਸਤੇ ਪੱਤਰ ਜਾਰੀ ਕਰੋ ਅਤੇ ਸੰਗਤਾਂ ਨੂੰ ਉਚਿਤ ਨਿਰਦੇਸ਼ ਦਿਉ ਤਾਂ ਕਿ ਇਹਨਾਂ ਦੀਆਂ ਚਾਲਾਂ ਨੂੰ ਫੇਲ੍ਹ ਕਰ ਸਕੀਏ।

ਦਾਸ

ਅਰਮਜੀਤ ਸਿੰਘ ਨਿਡਰ
124/592 ਏ, ਗੋਬਿੰਦ ਨਗਰ,
ਕਾਨ੍ਹਪੁਰ
ਫੋਨ: 3126177, 2650243

ਬਲਬੀਰ ਸਿੰਘ ਮੱਕੜ,
ਬਰਾ,
ਕਾਨ੍ਹਪੁਰ
ਫੋਨ 3215046

○○○○○

2. **ਮੁੰਦਾਵਣੀ**

(ਇਤਿਹਾਸ ਸ੍ਰੀ ਗੁਰੂ ਗ੍ਰੰਥ ਸਾਹਿਬ)

ਲੇਖਕ: ਗਿਆਨੀ ਗੁਰਦਿੱਤ ਸਿੰਘ

ਪ੍ਰਕਾਸ਼ਕ: ਸਾਹਿਤ ਪ੍ਰਕਾਸ਼ਨ, 56, ਸੈਕਟਰ 4, ਚੰਡੀਗੜ੍ਹ

ਮੁੱਲ 400 ਰੁਪਏ, ਸਫ਼ੇ 302

ਨਰਿੰਜਨ ਸਿੰਘ ਸਾਥੀ

ਇਸ ਪੁਸਤਕ ਦਾ ਵਿਸ਼ਾ ਬਹੁਤ ਗੰਭੀਰ ਅਤੇ ਨਾਜ਼ੁਕ ਹੈ: **ਰਾਗਮਾਲਾ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਹਿੱਸਾ ਹੈ ਕਿ ਨਹੀਂ ?** ਰਾਗਮਾਲਾ ਗੁਰਬਾਣੀ ਹੈ ਜਾਂ ਨਹੀਂ ? ਇਸ ਵਿਸ਼ੇ ਉੱਤੇ ਸਿੱਖ ਪੰਥ ਵਿੱਚ ਵਾਦ-ਵਿਵਾਦ ਦੇ, ਕਦੇ ਗਰਮ ਕਦੇ ਨਰਮ, ਘੱਟੋ-ਘੱਟ ਤਿੰਨ ਦੌਰ ਹੋ ਚੁੱਕੇ ਹਨ; 1901 ਤੋਂ 1910 ਤੱਕ, 1917 ਤੋਂ 1918 ਤੱਕ ਅਤੇ 1945 ਤੋਂ 1946 ਤੱਕ। ਅਸਲ ਵਿੱਚ ਇਸ ਵਿਚਾਰ-ਚਰਚਾ ਦੀ ਸ਼ੁਰੂਆਤ 1843 ਈ: ਵਿੱਚ ਹੋ ਗਈ ਸੀ— ਜਦੋਂ ਭਾਈ ਸੰਤੋਖ ਸਿੰਘ ਨੇ 'ਸੂਰਜ ਪ੍ਰਕਾਸ਼' ਵਿੱਚ ਇਹ ਤੁਕਾਂ ਲਿਖੀਆਂ ਸਨ -

ਰਾਗਮਾਲਾ ਗੁਰ ਕੀ ਕ੍ਰਿਤ ਨਹਿ
**ਹੈ ਮੁੰਦਾਵਣੀ ਲਗ ਗੁਰ ਬੈਨ।**
**ਇਸ ਮਹਿ ਸੰਸੈ ਨਹਿ ਕਛਿ ਕਰੀਅਹਿ**
**ਜੇ ਸੰਸੈ ਅਵਲੋਕਹੁ ਨੈਨ।**

ਉਦੋਂ ਤੋਂ ਇਹ ਵਿਵਾਦ ਪੰਥ ਵਿੱਚ ਸੁਲਘਦਾ ਹੀ ਰਿਹਾ ਹੈ, ਕਦੀ ਪੂਰੀ ਤਰ੍ਹਾਂ ਮੁੱਕਿਆ ਜਾਂ ਬੁਝਿਆ ਨਹੀਂ।

ਗਿਆਨੀ ਗੁਰਦਿੱਤ ਸਿੰਘ ਦਾ ਇਸ ਵਿਸ਼ੇ ਨਾਲ ਲਗਾਓ 1945-46 ਵਿੱਚ ਹੋਇਆ ਜਾਪਦਾ ਹੈ। ਉਦੋਂ ਤੋ ਲੈ ਕੇ ਅੱਜ ਤੱਕ ਅਧੀ ਸਦੀ ਤੋਂ ਵੀ ਵੱਧ ਸਮਾਂ ਬੀਤ ਗਿਆ ਹੈ ਪਰ ਗਿਆਨੀ ਜੀ ਨੇ ਇਸ ਵਿਸ਼ੇ ਤੋਂ ਮੁੱਖ ਨਹੀਂ ਮੋੜਿਆ। ਇਸ ਸਾਰੇ ਸਮੇਂ ਵਿੱਚ ਉਹ ਰਾਗਮਾਲਾ ਬਾਰੇ ਤੱਥ ਤੇ ਤਫ਼ਸੀਲਾਂ, ਪੱਤਰ ਤੇ ਪੋਥੀਆਂ ਇਕੱਤਰ ਕਰਦੇ ਰਹੇ ਹਨ ਅਤੇ ਹੁਣ ਦਲੀਲਾਂ ਅਤੇ ਹਵਾਲਿਆਂ ਨਾਲ ਭਰਪੂਰ, 300 ਸਫ਼ੇ ਦੀ 'ਮੁੰਦਾਵਣੀ' ਸਾਡੇ ਸਾਹਮਣੇ ਰੱਖ ਦਿੱਤੀ ਹੈ।

ਪਹਿਲੋਂ-ਪਹਿਲ ਤਕਰੀਬਨ ਸਾਰੇ ਵਿਦਵਾਨ ਇਸ ਗੱਲ 'ਤੇ ਸਹਿਮਤ ਸਨ ਕਿ ਰਾਗਮਾਲਾ ਗੁਰੂ ਗ੍ਰੰਥ ਸਾਹਿਬ ਦਾ ਹਿੱਸਾ ਨਹੀਂ। ਇਹ ਅਕਬਰ-ਸਮਕਾਲੀ ਇੱਕ ਹਿੰਦੀ ਕਵੀ ਆਲਮ ਦੀ ਕਾਵਿ-ਕਥਾ 'ਮਾਧਵਾਨਲ ਕਾਮਕੰਦਲਾ' ਦਾ ਇੱਕ ਭਾਗ ਹੈ ਅਤੇ ਇਹ ਰਚਨਾ ਗੁਰੂ ਗ੍ਰੰਥ ਸਾਹਿਬ ਵਿੱਚ, ਬੀੜ ਬੰਨ੍ਹਣ ਤੋਂ ਬਾਅਦ, ਕਿਸੇ ਤਰ੍ਹਾਂ ਸ਼ਾਮਲ ਹੋ ਗਈ ਹੈ। ਪਰ 1945-46 ਵਿੱਚ ਭਾਈ ਵੀਰ ਸਿੰਘ, ਉਨ੍ਹਾਂ ਦੇ ਭਰਾ ਡਾ. ਬਲਬੀਰ ਸਿਘ ਅਤੇ ਚੀਫ਼ ਖ਼ਾਲਸਾ ਦੀਵਾਨ ਆਦਿ ਰਾਗਮਾਲਾ ਨੂੰ ਗੁਰੂ ਗ੍ਰੰਥ ਸਾਹਿਬ ਦਾ ਅੰਗ (ਹਿੱਸਾ) ਮੰਨਣ ਲੱਗ ਪਏ। ਡਾ .ਬਲਬੀਰ ਸਿੰਘ ਨੇ 1946 ਵਿੱਚ ਰਾਗਮਾਲਾ ਦੇ ਪੱਖ ਵਿੱਚ ਇੱਕ ਪੁਸਤਕ 'ਰਾਗਮਾਲਾ ਦਾ ਸਵਾਲ ਤੇ ਜੋਧ ਕਵੀ ਤੇ ਆਲਮ' ਵੀ ਪ੍ਰਕਾਸ਼ਤ ਹੋਈ। ਡਾ. ਸਾਹਿਬ ਨੇ ਸਿੱਧ ਕੀਤਾ ਕਿ ਰਾਗਮਾਲਾ ਗੁਰੂ ਗ੍ਰੰਥ ਸਾਹਿਬ ਦਾ ਅਟੁੱਟ ਅੰਗ ਹੈ; ਕਵੀ ਆਲਮ ਅਕਬਰ ਦਾ ਨਹੀਂ, ਔਰੰਗਜ਼ੇਬ, ਬਹਾਦਰ ਸ਼ਾਹ ਅਤੇ ਗੁਰੂ ਗੋਬਿੰਦ ਸਿੰਘ ਜੀ ਦਾ ਸਮਕਾਲੀ ਸੀ। ਉਸ ਨੇ ਗੁਰੂ ਗ੍ਰੰਥ ਸਾਹਿਬ ਵਿੱਚੋਂ ਰਾਗਮਾਲਾ ਚੋਰੀ ਕਰ ਕੇ ਆਪਣੀ ਕਾਵਿ-ਰਚਨਾ ਵਿੱਚ ਸ਼ਾਮਲ ਕਰ ਲਈ।

ਇਸ ਤਰ੍ਹਾਂ ਰਾਗਮਾਲਾ ਦੀ ਸਮੱਸਿਆ ਬੜੀ ਜਟਿਲ ਹੋ ਗਈ।

ਗਿ. ਗੁਰਦਿੱਤ ਸਿੰਘ ਨੇ ਆਪਣੀ ਪੁਸਤਕ 'ਮੁੰਦਾਵਣੀ' ਵਿੱਚ ਰਾਗਮਾਲਾ ਦੇ ਦੋਵਾਂ ਪੱਖਾਂ ਦਾ ਡੂੰਘਾ ਅਧਿਐਨ ਪੇਸ਼ ਕੀਤਾ ਹੈ ਅਤੇ ਉਸ ਤੋਂ ਵੀ ਡੂੰਘਾ ਤੇ ਵਿਸ਼ਾਲ ਅਧਿਐਨ ਉਨ੍ਹਾਂ ਨੇ ਆਪਣੇ ਮੱਤ ਨੂੰ ਸਿੱਧ ਕਰਨ ਵਾਸਤੇ ਵੱਖ-ਵੱਖ ਸਰੋਤਾਂ ਤੋਂ ਸਮਗਰੀ ਇਕੱਤਰ ਕਰਨ ਲਈ ਕੀਤਾ ਹੈ। ਉਨ੍ਹਾਂ ਨੇ ਸੌ ਤੋਂ ਉੱਪਰ ਬੀੜਾਂ ਦੇ ਦਰਸ਼ਨ ਕੀਤੇ ਅਤੇ ਤਕਰੀਬਨ 60 ਬੀੜਾਂ ਵਿੱਚੋਂ ਸਬੰਧਤ ਪੰਨਿਆਂ ਦੇ ਚਿੱਤਰ ਪੁਸਤਕ ਵਿੱਚ ਛਾਪੇ ਹਨ। ਗਿਆਨੀ ਜੀ ਦਾ ਪਹਿਲਾ ਨੁਕਤਾ ਇਹ ਹੈ ਕਿ ਗੁਰੂ ਅਰਜਨ ਦੇਵ ਜੀ ਨੇ ਜਦੋਂ ਆਦਿ ਗ੍ਰੰਥ ਦੀ ਸਾਰੀ ਬਾਣੀ ਲਿਖਵਾ ਕੇ 'ਮੁੰਦਾਵਣੀ' ਦੇ ਸਲੋਕ ਲਿਖਾ ਦਿੱਤੇ ਤਾਂ ਬੀੜ ਦੀ ਵਿਧੀਵਤ ਸਮਾਪਤੀ ਹੋ ਗਈ। 'ਮੁੰਦਾਵਣੀ' ਸ਼ਬਦ ਮੁੰਦਣਾ ਤੋਂ ਬਣਿਆ ਹੈ। ਮੁੰਦਣਾ ਦਾ ਅਰਥ ਹੈ: ਮੁੰਦ ਦੇਣਾ, ਬੰਦ ਕਰ ਦੇਣਾ, ਸਮਾਪਤ ਕਰ ਦੇਣਾ। ਇਸ ਲਈ 'ਮੁੰਦਾਵਣੀ' ਤੋਂ ਬਾਅਦ ਜੋ ਕੁਝ ਵੀ ਪੁਰਾਤਨ ਜਾਂ ਨਵੀਨ ਬੀੜਾਂ ਵਿੱਚ ਮਿਲਦਾ ਹੈ ਉਹ ਵਾਧੂ ਹੈ, ਬੀੜ ਦਾ ਹਿੱਸਾ ਨਹੀਂ।

ਦੂਜੀ ਗੱਲ, ਗਿਆਨੀ ਜੀ ਨੇ ਕਵੀ ਆਲਮ ਦੇ ਜੀਵਨ ਬਾਰੇ ਮੁਕੰਮਲ ਖੋਜ ਕੀਤੀ ਹੈ। ਆਲਮ ਕਿਉਂਕਿ ਹਿੰਦੀ ਕਵੀ ਸੀ ਇਸ ਲਈ ਉਨ੍ਹਾਂ ਨੇ ਹਿੰਦੀ ਦੇ ਪ੍ਰਤਿਸ਼ਠ ਖੋਜੀ ਵਿਦਵਾਨਾਂ ਦੀਆਂ ਪੁਸਤਕਾਂ ਦੇ ਪ੍ਰਮਾਣਿਕ ਹਵਾਲੇ ਦੇ ਕੇ ਸਿੱਧ ਕੀਤਾ ਹੈ ਕਿ ਆਲਮ ਜੌਨਪੁਰ-ਸੁਜਾਨਪੁਰ (ਯੂ.ਪੀ.) ਦੇ ਇਲਾਕੇ ਦਾ ਵਸਨੀਕ ਸੀ। ਉਸ ਨੇ 'ਮਾਧਵਾਨਲ ਕਾਮਕੰਦਲਾ' ਦੀ ਚਰਨਾ ਆਦਿ ਗ੍ਰੰਥ ਦੀ ਬੀੜ ਬੰਨ੍ਹਣ (1604 ਈ:) ਤੋਂ 20-21 ਸਾਲ ਪਹਿਲਾਂ 1538-84 ਈ: ਵਿੱਚ ਕੀਤੀ। ਕਿਸੇ ਅਣਭੋਲ ਸਿੱਖ ਨੇ 'ਕਾਮਕੰਦਲਾ' ਦਾ ਭਾਗ ਰਾਗਮਾਲਾ ਭੋਲੇ-ਭਾਅ ਆਦਿ ਬੀੜ ਵਿੱਚ ਲਿਖ ਦਿੱਤੀ ਜੋ ਬਾਅਦ ਵਿੱਚ ਗੁਰੂ ਗ੍ਰੰਥ ਸਾਹਿਬ ਦਾ ਭਾਗ ਸਮਝੀ ਜਾਣ ਲੱਗ ਪਈ। ਹਿੰਦੀ ਵਿਦਵਾਨ ਵੀ ਕਹਿੰਦੇ ਹਨ ਕਿ 'ਆਲਮ ਦੀ ਇਹ (ਸ਼ਿੰਗਾਰ ਰਸ) ਰਚਨਾ ਗੁਰਮੁਖ ਬਾਣੀ ਦੇ ਰੂਪ ਵਿੱਚ ਸਤਿਕਾਰੀ ਜਾਣੀ ਵੱਡੀ ਭੁਲ ਹ'। (ਸ੍ਰੀ ਭਵਾਨੀ ਸ਼ੰਕਰ ਯਾਗਯਕ, ਪੰਨਾ 160)

ਤੀਜੀ ਗੱਲ, ਆਦਿ ਬੀੜ ਵਿੱਚ ਰਾਗਮਾਲਾ ਉੱਤੇ ਇਸ ਦੇ ਕਰਤਾ ਦਾ ਨਾਂਅ ਨਹੀਂ ਦਿੱਤਾ ਗਿਆ ਜਦ ਕਿ ਹੋਰ ਸਾਰੀਆਂ ਬਾਣੀਆਂ ਉੱਤੇ ਕਰਤਾ ਦਾ ਨਾਂਅ ਜਾਂ "ਮਹਲਾ" ਅੰਕਿਤ ਹੈ। ਇਸ ਵਿੱਚ ਕਿਤੇ ਨਾਨਕ ਨਾਮ ਵੀ ਨਹੀਂ ਆਉਂਦਾ। ਰਾਗਮਾਲਾ ਵਿੱਚ ਵਰਣਿਤ ਸਾਰੇ ਰਾਗ ਗੁਰੂ ਗ੍ਰੰਥ ਸਾਹਿਬ ਵਿੱਚ ਨਹੀਂ ਹਨ ਅਤੇ ਗੁਰੂ ਗ੍ਰੰਥ ਸਾਹਿਬ ਦੇ ਸਾਰੇ ਰਾਗ ਰਾਗਮਾਲਾ ਵਿੱਚ ਨਹੀਂ ਹਨ। ਨਾ ਹੀ ਰਾਗਮਾਲਾ ਦਾ ਸ਼ਿੰਗਾਰ-ਰਸ ਵਿਸ਼ਾ ਗੁਰੂ ਗ੍ਰੰਥ ਸਾਹਿਬ ਦੇ ਅਧਿਆਤਮਕ ਵਿਸ਼ੇ ਨਾਲ ਮੇਲ ਖਾਂਦਾ ਹੈ। ਇਸ ਲਈ ਰਾਗਮਾਲਾ ਦਾ ਗੁਰੂ ਗ੍ਰੰਥ ਸਾਹਿਬ ਵਿੱਚ ਹੋਣਾ ਕਿਸੇ ਪੱਖੋਂ ਵੀ ਪ੍ਰਸੰਗਕ ਨਹੀਂ ਹੈ।

ਚੌਥੀ ਗੱਲ, ਸਮੁੱਚੀ ਪੁਸਤਕ ਇਸ ਸਿੱਟੇ ਉੱਤੇ ਪਹੁੰਚਦੀ ਹੈ ਕਿ 'ਮੁੰਦਾਵਣੀ' ਦੇ ਸਲੋਕਾਂ ਉੱਤੇ ਗੁਰੂ ਗ੍ਰੰਥ ਸਾਹਿਬ ਦੀ ਸਮਾਪਤੀ ਹੈ ਜਿਵੇਂ ਕਿ ਕੁਝ ਹੱਥ ਲਿਖਤ ਬੀੜਾਂ 'ਚ 'ਮੁੰਦਾਵਣੀ' ਤੋਂ ਬਾਅਦ ਇਹ ਸੂਚਨਾ ਅੰਕਿਤ ਹੈ, 'ਏਹੁ ਭੋਗੁ ਸ੍ਰੀ ਆਦਿ ਗਿਰੰਥ ਜੀ ਹੈ'। ਮੁੰਦਾਵਣੀ ਤੋਂ ਬਾਅਦ ਜੋ ਕੁਝ ਵੀ ਕਿਤੇ ਲਿਖਿਆ ਜਾਂ ਛਪਿਆ ਮਿਲਦਾ ਹੈ, ਚਾਹੇ ਉਹ ਰਾਗਮਾਲਾ ਹੈ ਜਾਂ ਰਤਨਮਾਲਾ ਜਾਂ ਕੁਝ ਹੋਰ, ਉਹ ਗੁਰੂ ਗ੍ਰੰਥ ਦਾ ਹਿੱਸਾ ਨਹੀਂ।

ਗਿ. ਗੁਰਦਿੱਤ ਸਿੰਘ ਦਾ ਸੁਭਾਅ ਹੈ ਕਿ ਉਹ ਜਿਸ ਵਿਸ਼ੇ ਨੂੰ ਇੱਕ ਵਾਰੀ ਹੱਥ ਪਾਉਂਦੇ ਹਨ, ਬਾਦਲੀਲ ਤਰੀਕੇ ਨਾਲ ਗੱਲ ਸਿਰੇ ਲਾ ਦਿੰਦੇ ਹਨ। ਆਪਣੇ ਵਿਸ਼ੇ ਦੇ ਸਬੰਧ ਵਿੱਚ ਉਹ ਬਹੁਤ ਦੂਰ ਤੱਕ ਜਾਂਦੇ ਹਨ। ਉਨ੍ਹਾਂ ਦੇ ਹੱਥ ਬਹੁਤ ਲੰਮੇ ਹਨ। ਹੱਥ-ਲਿਖਤ ਸਿੱਖ ਸਾਹਿਤ ਦਾ ਉਨ੍ਹਾਂ ਨੂੰ ਬੇਹੱਦ ਗਿਆਨ ਹੈ। ਬਿਰਧ ਅਵਸਥਾ ਅਤੇ ਅੱਖਾਂ ਦੀ ਤਕਲੀਫ਼ ਦੇ ਬਾਵਜੂਦ ਉਨ੍ਹਾਂ ਦਾ ਕਲਮ-ਪਿਆਰ ਅਜੇ ਵੀ ਜੋਬਨ 'ਤੇ ਹੈ। ਰਾਗਮਾਲਾ ਤੇ ਮੁੰਦਾਵਣੀ ਦੇ ਸਬੰਧ ਵਿੱਚ ਉਨ੍ਹਾਂ ਨੇ ਆਪਣੀ ਖੋਜ ਦਾ ਖ਼ਜ਼ਾਨਾ ਪੰਥ ਦੇ ਸਨਮੁੱਖ ਰੱਖ ਦਿੱਤਾ ਹੈ। ਇਸ ਬਾਰੇ ਅੰਤਿਮ ਨਿਰਣਾ ਪੰਥ ਦੀ ਜ਼ਿੰਮੇਵਾਰੀ ਹੈ।

ʘʘʘʘʘ

## ਕਿਛੁ ਸੁਣੀਐ ਕਿਛੁ ਕਹੀਐ

1 ..... **ਜ਼ਰਾ ਸੋਚੋ**.....

ਗੁਰਮੀਤ ਸਿੰਘ ਕਪੂਰਥਲਾ

**ਸ਼ੰਕਾ ਨਬਰ 1:** ਪ੍ਰਸਿੱਧ ਗੁਰਮਤਿ-ਮੈਗਜ਼ੀਨਾਂ ਵਿੱਚ ਪੰਜਾਬ ਤੋਂ ਬਾਹਰਲੇ ਦੋ ਤਖ਼ਤਾਂ ਦੀ ਅੱਡਰੀ ਮਰਯਾਦਾ ਅਤੇ ਉੱਥੇ ਹੁੰਦੇ ਦਸਮ ਗ੍ਰੰਥ ਦੇ ਪ੍ਰਕਾਸ਼ ਬਾਰੇ ਸਮੇਂ-ਸਮੇਂ ਉੱਪਰ ਕਾਫ਼ੀ ਕੁਝ ਛਪਦਾ ਰਿਹਾ ਹੋਣ ਕਰਕੇ ਕਾਫ਼ੀ ਵਾਦ-ਵਿਵਾਦ ਦਾ ਵਿਸ਼ਾ ਰਿਹਾ ਹੈ। ਪੰਥਕ ਇੱਕਸਾਰਤਾ ਵਿੱਚ ਸਭ ਤੋਂ ਵੱਡੀ ਰੁਕਾਵਟ ਇਹਨਾਂ ਤਖ਼ਤਾਂ ਦੀ ਅੱਡਰੀ ਮਰਯਾਦਾ ਹੀ ਮੰਨੀ ਗਈ ਹੈ।

ਹੁਣ ਤਖ਼ਤ ਸ੍ਰੀ ਪਟਨਾ ਸਾਹਿਬ ਦੇ ਨਿਧੜਕ ਪ੍ਰਧਾਨ ਸ: ਮਹਿੰਦਰ ਸਿੰਘ ਰੁਮਾਣਾ ਨੇ ਉੱਥੋਂ ਦੀ ਮਰਯਾਦਾ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਬਰਾਬਰ ਦਸਮ ਗ੍ਰੰਥ ਦੇ ਹੁੰਦੇ ਪ੍ਰਕਾਸ਼ ਵਿਰੁੱਧ ਆਪਣੀ ਆਵਾਜ਼ ਉਠਾਈ। ਸਮੂਹ ਪੰਥ-ਦਰਦੀਆਂ ਦਾ ਫ਼ਰਜ਼ ਬਣਦਾ ਸੀ ਕਿ ਅਸੀਂ ਸ੍ਰ. ਮਹਿੰਦਰ ਸਿੰਘ ਜੀ ਦੁਆਰਾ ਉਠਾਏ ਮੁੱਦਿਆਂ ਬਾਰੇ ਜ਼ੋਰਦਾਰ ਆਵਾਜ਼ ਬੁਲੰਦ ਕਰਦੇ ਪਰ ਅਜਿਹਾ ਨਹੀਂ ਹੋਇਆ। ਸ਼ਾਇਦ ਕਿਸੇ ਨੇ ਵੀ ਸ੍ਰ. ਮਹਿੰਦਰ ਸਿੰਘ ਰੁਮਾਣਾ ਦਾ ਸਾਥ ਦੇਣਾ ਯੋਗ ਨਹੀਂ ਸਮਝਿਆ।

ਕੀ ਹੁਣ 'ਜਥੇਦਾਰ', ਸ੍ਰੀ ਅਕਾਲ ਤਖ਼ਤ ਸਾਹਿਬ ਨੇ ਸ੍ਰ. ਮਹਿੰਦਰ ਸਿੰਘ ਨੂੰ ਤਨਖਾਹ ਲਗਾ ਕੇ ਤਖ਼ਤ ਸ੍ਰੀ ਪਟਨਾ ਸਾਹਿਬ (ਅਤੇ ਸ੍ਰੀ ਹਜ਼ੂਰ ਸਾਹਿਬ) ਦੀ ਮਰਯਾਦਾ ਦੀ ਪ੍ਰੋੜ੍ਹਤਾ ਨਹੀਂ ਕਰ ਦਿੱਤੀ ?

'ਜਥੇਦਾਰ', ਤਖ਼ਤ ਸ੍ਰੀ ਪਟਨਾ ਸਾਹਿਬ ਕੇਵਲ ਇਸ ਕੇਸ ਕਰਕੇ ਹੀ ਕਿਉਂ 'ਸਿੰਘ ਸਾਹਿਬਾਨ' ਦੀ ਮੀਟਿੰਗ ਵਿੱਚ ਸ਼ਾਮਲ ਹੋਏ ?

ਕੀ ਉੱਥੋਂ ਦੇ 'ਜਥੇਦਾਰ' ਆਪ ਵੀ ਪਟਨਾ ਸਾਹਿਬ ਤੋਂ ਹੁਕਮਨਾਮੇ ਜਾਰੀ ਕਰਨ ਦੀ ਨਵੀਂ ਰਿਵਾਇਤ ਬਦਲੇ ਸਜ਼ਾ ਦੇ ਹੱਕਦਾਰ ਨਹੀਂ ਸੀ?

ਕੀ 'ਜਥੇਦਾਰ' ਇਕਬਾਲ ਸਿੰਘ ਵੱਲੋਂ ਯੋਗ-ਦਰਸ਼ਨ ਦੀ ਪ੍ਰੋੜ੍ਹਤਾ ਕਰਦੀ ਪੁਸਤਕ ਛਪਵਾ ਕੇ ਵੇਚਣੀ ਗੁਰਮਤਿ ਅਨੁਸਾਰ ਠੀਕ ਹੈ?

**ਸ਼ੰਕਾ ਨੰਬਰ** 2: ਸਾਡੇ 'ਜਥੇਦਾਰਾਂ' ਵਿੱਚੋਂ ਕੋਈ ਜੇਕਰ ਗੁਰਮਤਿ ਤੋਂ ਉਲਟ ਕੋਈ ਕਰਮ ਕਰੇ ਤਾਂ ਉਸ ਨੂੰ ਸਜ਼ਾ ਦੇਣ ਦਾ ਕੀ ਕੋਈ ਵਿਧਾਨ ਹੈ? ਜੇਕਰ ਹੈ ਤਾਂ ਕੀ ਉਹ ਅੱਜ ਦੀ ਪੰਥਕ ਸਥਿਤੀ ਅਤੇ ਰਾਜਨੀਤਕ ਮਾਹੌਲ ਵਿੱਚ ਅਜੇ ਵੀ ਕਾਰਗਰ ਹੈ?

**ਸ਼ੰਕਾ ਨੰਬਰ** 3: ਕੀ ਸ਼੍ਰੋਮਣੀ ਕਮੇਟੀ ਅਧਿਕਾਰੀਆਂ ਨੇ 'ਗੁਰਮਤਿ ਪ੍ਰਕਾਸ਼' ਦੇ ਸੰਪਾਦਕ ਸ੍ਰ. ਚਮਕੌਰ ਸਿੰਘ ਨੂੰ ਆਰ.ਐੱਸ.ਐੱਸ ਬਾਰੇ ਵਿਸ਼ੇਸ਼ ਅੰਕ ਕੱਢਣ ਕਾਰਣ ਚਾਰਜਸ਼ੀਟ ਨਹੀਂ ਕੀਤਾ? ਭਵਿੱਖ ਵਿੱਚ ਇਹੋ ਜੇਹੀ ਗ਼ਲਤੀ ਹੋਣ 'ਤੇ ਡਿਸਮਿਸ ਕਰਨ ਦੀ ਧਮਕੀ ਕੀ ਨਹੀਂ ਦਿੱਤੀ ਗਈ? ਜੇਕਰ ਇਹ ਸੱਚ ਹੈ ਤਾਂ ਇਹ ਸਾਡੇ ਪੰਥਕ ਆਗੂਆਂ ਦੀ ਕਿਸ ਤਰ੍ਹਾਂ ਦੀ ਸੋਚ ਨੂੰ ਉਜਾਗਰ ਕਰਦਾ ਹੈ?

**ਸ਼ੰਕਾ ਨੰਬਰ** 4: ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਸ਼ਾਮਲ ਬਾਣੀਆਂ ਅਨੁਸਾਰ ਅੰਮ੍ਰਿਤ ਬਾਰੇ ਜਿੰਨੇਂ ਵੀ ਫੁਰਮਾਨ ਮਿਲਦੇ ਹਨ, ਉਹਨਾਂ ਅਨੁਸਾਰ ਅੰਮ੍ਰਿਤ ਦੀ ਸਹੀ ਪਰਿਭਾਸ਼ਾ ਕਿਹੜੀ ਹੈ?

- ਨਾਮ ਅੰਮ੍ਰਿਤ
- ਖੰਡੇ ਬਾਟੇ ਦਾ ਅੰਮ੍ਰਿਤ ('ਪ੍ਰਥਮ ਰਹਤ ਯਹ ਜਾਨ, ਖੰਡੇ ਕੀ ਪਾਹੁਲ ਛਕੇ …………')
- ਸਰੋਵਰਾਂ ਵਿਚਲਾ ਜਲ ਰੂਪੀ ਅੰਮ੍ਰਿਤ
- ਜਾਂ ਭੇਖੀ ਬਾਬਿਆਂ ਦੁਆਰਾ ਫੂਕਾਂ ਮਾਰ ਕੇ ਦਿੱਤਾ ਜਲ ਰੂਪੀ ਅੰਮ੍ਰਿਤ

**ਸ਼ੰਕਾ ਨੰਬਰ** 5: ਖ਼ਾਲਸਾ ਜੀ ਦੇ 300 ਸਾਲਾ ਸਾਜਨਾ ਦਿਵਸ ਦੇ ਅਵਸਰ 'ਤੇ ਸ੍ਰੀ ਅਨੰਦਪੁਰ ਸਾਹਿਬ ਵਿਖੇ 10-10 ਹਜ਼ਾਰ ਜਾਂ ਇਸ ਤੋਂ ਵੀ ਵੱਡੇ ਇਕੱਠਾਂ ਦੇ ਰੂਪ ਵਿੱਚ ਸੰਗਤਾਂ ਨੂੰ ਅੰਮ੍ਰਿਤ ਛਕਾਇਆ ਗਿਆ। ਸੰਗਤਾਂ ਬਾਟਾ ਤਿਆਰ ਹੋਣ ਤੋਂ ਬਾਅਦ ਵੀ ਆਉਂਦੀਆਂ-ਜਾਂਦੀਆਂ ਰਹੀਆਂ। ਬਾਟਾ ਤਿਆਰ ਕਰਨ ਦੀ ਜਗ੍ਹਾ ਵੀ ਨਿਵੇਕਲੀ ਨਹੀਂ ਸੀ। ਕੀ ਇਹ ਸਭ ਗੁਰਮਤਿ ਅਨੁਸਾਰ ਜਾਂ 'ਸਿੱਖ ਰਹਿਤ ਮਰਯਾਦਾ' ਅਨੁਸਾਰ ਸਹੀ ਹੋਇਆ?

ਖ਼ਾਲਸਾ ਜੀਓ, ਕੀ ਸਾਡੇ ਜਥੇਦਾਰ ਅਤੇ ਪੰਥਕ ਆਗੂ ਇਸ ਨਾਜ਼ੁਕ ਮੌਕੇ ਉੱਪਰ ਸੰਗਤਾਂ ਨੂੰ ਸਹੀ ਸੇਧ ਦੇ ਰਹੇ ਹਨ? ਕੀ ਇਹਨਾਂ ਦੇ ਨਿੱਤ ਨਵੇਂ ਕਾਰਨਾਮਿਆਂ ਨਾਲ ਸਿੱਖੀ ਨੂੰ ਢਾਹ ਨਹੀਂ ਲੱਗ ਰਹੀ?

ooooo

## ਸਫ਼ਰ

ਸੁਖਚੈਨ ਸਿੰਘ
ਬਾਰਸੀਲੋਨਾ, ਸਪੇਨ

ਮਨ ਜਿਸ ਸਫਰ ਦਾ ਪਾਂਧੀ ਹੈ,
ਉਹ ਸਫਰ ਤਾਂ ਲੰਮ ਲੰਮੇਰਾ ਹੈ,
ਕੋਈ ਸਾਥ ਜੇ ਚਲਣਾ ਚਾਹੇ ਤਾਂ, ਉਹ ਬਣ ਪਰਛਾਵਾਂ ਆ ਜਾਵੇ।
ਇਕ ਸੂਰਜ ਹੈ ਤੇ ਇਕ ਮੈ ਹਾਂ,
ਇਕ ਰਸਤਾ, ਇਕ ਪਰਛਾਵਾਂ ਹੈ,
ਪਰਛਾਵਾਂ ਕਿਸੇ ਜੇ ਬਣਨਾ ਹੈ, ਪ੍ਰਤੀਬਿੰਬਕ ਹੋ ਕੇ ਸਮਾ ਜਾਵੇ।
ਦਿਸਦੀ ਜੋ ਮੇਰੀ ਹਸਤੀ ਹੈ,
ਇਹ ਤਾਂ ਕੇਵਲ ਵਕਤੀ ਹੈ,
ਜੋ ਹੋਂਦ ਸਦੀਵੀ ਹੈ ਮੇਰੀ, ਕੋਈ ਉਸ ਨੂੰ ਵੇਖ ਵਿਖਾ ਜਾਵੇ।
ਜੋ ਸਫ਼ਰ ਹੈ ਸਾਗਰੋਂ ਇਸ ਪਾਸੇ,
ਓਥੇ ਤਾਂ ਪੈੜਾਂ ਹੋਣਗੀਆਂ,
ਕੋਈ ਖੋਜ ਬਰੇਤੇ ਵਿਚ ਪੈੜਾਂ, ਮੈਨੂੰ ਖੁਰਾ-ਖੋਜ ਸਮਝਾ ਜਾਵੇ।
ਜੋ ਸਫ਼ਰ ਹੈ ਸਾਗਰ ਦੇ ਤਲ 'ਤੇ,
ਇਹ ਪੈਰ ਤਾਂ ਓਥੇ ਟਿਕਣੇ ਨਹੀਂ,
ਕੋਈ ਬਣ ਕੇ ਮਾਂਝੀ ਬੇੜੀ ਦਾ, ਪਾਣੀ 'ਤੇ ਲੀਕਾਂ ਪਾ ਜਾਵੇ।
ਕਾਲੇ ਸਾਗਰ ਤੋਂ ਅੱਗੇ ਜਾ,
ਜੋ ਸਫ਼ਰ ਹੈ ਆਪਣੇ ਨਿਜ-ਘਰ ਦਾ,
ਨੂਰਾਨੀ ਸਾਥੀ ਬਣ ਕੋਈ, ਚਾਨਣ ਨੂੰ ਵੰਡ ਵੰਡਾ ਜਾਵੇ।

ooooo

ਮਾਲਕ, ਪ੍ਰਕਾਸ਼ਕ, ਪ੍ਰਿੰਟਰ ਅਤੇ ਸੰਪਾਦਕ ਗੁਰਤੇਜ ਸਿੰਘ ਦੁਆਰਾ, ਸਵੀਤਾਰ ਪ੍ਰੈਸ, 819-20, ਇੰਡਸਟਰੀਅਲ ਏਰੀਆ, ਚੰਡੀਗੜ੍ਹ ਤੋਂ ਛਪਵਾ ਕੇ ਐਸ.ਸੀ.ਓ. 60-61, ਸੈਕਟਰ 17-ਏ, ਚੰਡੀਗੜ੍ਹ ਤੋਂ ਪ੍ਰਕਾਸ਼ਤ ਕੀਤਾ ਗਿਆ।